
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 30
November 6, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।



ਅਦਾਰਾ 'ਦੇਸ਼ ਦੁਆਬਾ' ਵੱਲੋਂ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀਆਂ ਵਿਸਵ ਭਾਈਚਾਰੇ ਨੂੰ ਲੱਖ-ਲੱਖ ਵਧਾਈਆਂ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦੇ ਉਦਮ ਨੂੰ ਸਲਿਊਟ ਕਰਦਾ ਹੈ।

– ਪ੍ਰੇਮ ਕੁਮਾਰ ਚੁੰਬਰ




ਯੂਬਾ ਸਿਟੀ ਦੇ 40ਵੇਂ ਨਗਰ ਕੀਰਤਨ ਦਰਮਿਆਨ ਫਲੋਟ ਅਤੇ ਪੰਜ ਪਿਆਰਿਆਂ ਦੇ ਨਾਲ ਸੰਗਤ ਦੀ ਇਕ ਝਲਕ। ਇਸ ਮੌਕੇ ਪਹਿਲੀ ਵਾਰੀ ਸ੍ਰੀ ਰਾਜ ਰਤਨ ਅੰਬੇਦਕਰ ਸੰਗਤਾਂ ਦੇ ਨਾਲ ਹਾਜ਼ਰੀ ਭਰੀ।

# ਯੂਬਾ ਸਿਟੀ, ਕੈਲੇਫੋਰਨੀਆ 'ਚ ਗੁਰਤਾਗੱਦੀ ਦਿਵਸ ਦੌਰਾਨ ਵਿਸ਼ਾਲ ਨਗਰ ਕੀਰਤਨ

## ਅਮਰੀਕਨ ਤੇ ਸਿੱਖ ਆਗੂਆਂ ਨੇ ਕੀਤੀ ਸ਼ਮੂਲੀਅਤ, ਇਕ ਲੱਖ ਤੋਂ ਵੱਧ ਸੰਗਤਾਂ ਨੇ ਹਿੱਸਾ ਲਿਆ





**ਯੂਬਾ ਸਿਟੀ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦਾ ਛੋਟਾ ਜਿਹਾ ਸ਼ਹਿਰ ਯੂਬਾ ਸਿਟੀ ਜਿਸਨੂੰ ਮਿੰਨੀ ਪੰਜਾਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਐਤਕਾਂ ਵੀ ਹਰ ਵਰ੍ਹੇ ਦੀ ਤਰ੍ਹਾਂ ਇੱਥੇ ਗੁਰਤਾਗੱਦੀ ਦਿਵਸ ਦੇ ਸਬੰਧ ਵਿਚ ਕੱਢੇ ਜਾਂਦੇ ਵਿਸ਼ਾਲ ਨਗਰ ਕੀਰਤਨ ਵਿਚ ਕਰੀਬ ਇਕ ਲੱਖ ਸੰਗਤਾਂ ਨੇ ਵੱਖ-ਵੱਖ ਧਾਰਮਿਕ ਸਮਾਗਮਾਂ ਦੌਰਾਨ ਸ਼ਮੂਲੀਅਤ ਕੀਤੀ। ਕਰੀਬ ਇਕ ਮਹੀਨੇ ਤੋਂ ਗੁਰਦੁਆਰਾ ਸਾਹਿਬ ਸਿੱਖ ਟੈਂਪਲ ਟਾਇਰਾ ਬਿਊਨਾ ਰੋਡ 'ਤੇ ਧਾਰਮਿਕ ਸਮਾਗਮ ਲੜੀਵਾਰ ਚੱਲੇ ਤੇ ਆਖਿਰ ਨਗਰ ਕੀਰਤਨ ਨਾਲ ਸਮਾਪਤ ਹੋਏ। ਐਤਕਾਂ ਇਹ ਨਗਰ ਕੀਰਤਨ ਗੁਰੂ ਨਾਨਕ ਦੇਵ

**(ਬਾਕੀ ਖਬਰ ਦੇਖੋ ਸਫਾ 9 'ਤੇ ਅਤੇ ਤਸਵੀਰਾਂ ਸਫਾ 2 'ਤੇ)**

# ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਲਈ ਅਮਰੀਕੀ ਸੰਸਦ 'ਚ ਮਤਾ ਪੇਸ਼

**ਵਾਸ਼ਿੰਗਟਨ (ਬਿਊਰੋ)–** ਅਮਰੀਕਾ 'ਚ ਸਿੱਖ ਭਾਈਚਾਰੇ ਦੇ ਯੋਗਦਾਨ ਤੇ ਬਲਿਦਾਨ ਦੀ ਸ਼ਲਾਘਾ ਲਈ ਵੀਰਵਾਰ ਨੂੰ ਅਮਰੀਕੀ ਸੰਸਦ 'ਚ ਮਤਾ ਪੇਸ਼ ਕੀਤੇ ਗਏ। ਸੰਸਦ ਦੇ ਉੱਪਰਲੇ ਸਦਨ ਸੈਨੇਟ 'ਚ ਸੰਸਦ ਮੈਂਬਰ ਟਾਡ ਯੰਗ ਤੇ ਬੇਨ ਕਾਰਡਿਨ ਵੱਲੋਂ ਪੇਸ਼ ਮਤੇ 'ਚ 12 ਨਵੰਬਰ ਨੂੰ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ, ਸਭਿਆਚਾਰਕ ਤੇ ਧਾਰਮਿਕ ਮਹੱਤਵ ਦਾ ਜ਼ਿਕਰ ਕੀਤਾ ਗਿਆ ਹੈ।



ਯੰਗ ਨੇ ਕਿਹਾ ਕਿ ਇਹ ਮਤਾ ਅਮਰੀਕੀ ਸਿੱਖਾਂ ਦਾ ਸਨਮਾਨ ਕਰਦਾ ਹੈ, ਜਿਹੜਾ ਸਾਡੇ ਦੇਸ਼ ਦੇ ਖ਼ੁਸ਼ਹਾਲ ਸਭਿਆਚਾਰ ਤੇ ਵਿਭਿੰਨਤਾ ਦਾ ਅਹਿਮ ਹਿੱਸਾ ਹਨ। ਅਮਰੀਕਾ ਦਾ ਇੰਡਿਆਨਾ ਸੂਬਾ ਦਸ ਹਜ਼ਾਰ ਤੋਂ ਵੱਧ ਸਿੱਖਾਂ ਦਾ ਘਰ ਹੈ ਤੇ ਉਨ੍ਹਾਂ ਦੇ ਸਨਮਾਨ 'ਚ ਸੈਨੇਟ 'ਚ ਪਹਿਲਾ ਮਤਾ ਪੇਸ਼ ਕਰਦਿਆਂ ਮੈਂ ਮਾਣ ਮਹਿਸੂਸ ਕਰ ਰਿਹਾਂ। ਇਸ ਮਤੇ 'ਚ ਸਾਰੇ ਸਿੱਖਾਂ ਪ੍ਰਤੀ ਸਨਮਾਨ ਪ੍ਰਗਟਾਉਂਦਿਆਂ ਉਨ੍ਹਾਂ ਨਾਲ ਅਮਰੀਕਾ ਤੇ ਦੁਨੀਆ ਭਰ 'ਚ ਹੋਏ ਵਿਤਕਰੇ ਦਾ ਵੀ ਜ਼ਿਕਰ ਕੀਤਾ ਗਿਆ ਹੈ। ਜਦਕਿ ਕਾਰਜਿਨ ਨੇ ਆਪਣੇ ਮਤੇ 'ਚ ਸਿੱਖਾਂ ਦੇ ਸਮਾਜਿਕ, ਸਭਿਆਚਾਰਕ ਤੇ ਆਰਥਿਕ ਯੋਗਦਾਨ ਪ੍ਰਤੀ ਧੰਨਵਾਦ ਪ੍ਰਗਟ ਕਰਨ ਦੇ ਨਾਲ ਹੀ ਨਸਲੀ ਤੇ ਧਾਰਮਿਕ ਵਿਤਕਰੇ ਖ਼ਿਲਾਫ਼ ਖੜ੍ਹੇ ਹੋਣ ਲਈ ਉਨ੍ਹਾਂ ਦੀ ਹਿੰਮਤ ਦੀ ਸ਼ਲਾਘਾ ਵੀ ਕੀਤੀ।

ਇਕ ਮਤੇ 'ਚ ਅਮਰੀਕਾ 'ਚ ਯੋਗਦਾਨ ਦੇਣ ਵਾਲੇ ਚਾਰ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ 'ਚ ਪਹਿਲੇ ਏਸ਼ੀਆਈ ਸੰਸਦ ਮੈਂਬਰ ਦਿਲੀਪ ਸਿੰਘ, ਫਾਈਬਰ ਆਪਟੀਕਲ ਦੇ ਖੋਜ ਕਰਤਾ ਡਾ. ਨਰਿੰਦਰ ਕਪਾਨੀ, ਅਮਰੀਕਾ ਦੇ ਸਭ ਤੋਂ ਵੱਡੇ ਆੜੂ ਉਤਪਾਦਕ ਦੀਦਾਰ ਸਿੰਘ ਬੈਂਸ ਤੇ ਪ੍ਰਸਿੱਧ ਰੋਜ਼ਾ ਪਾਰਕਸ ਟ੍ਰੇਬਲੇਜ਼ਰ ਐਵਾਰਡ ਜੇਤੂ ਗੁਰਿੰਦਰ ਸਿੰਘ ਖ਼ਾਲਸਾ ਸ਼ਾਮਿਲ ਹਨ। ਦਿਲੀਪ ਸਿੰਘ 1957 'ਚ ਸੰਸਦ ਮੈਂਬਰ ਚੁਣੇ ਗਏ ਸਨ। ਉਨ੍ਹਾਂ ਤੋਂ ਇਲਾਵਾ ਦੂਜੀ ਸੰਸਾਰ ਜੰਗ ਦੌਰਾਨ ਅਮਰੀਕੀ ਫ਼ੌਜ 'ਚ ਆਪਣੀ ਸੇਵਾ ਦੇਣ ਵਾਲੇ ਭਗਤ ਸਿੰਘ ਥਿੰਦ ਦੀ ਵੀ ਸ਼ਲਾਘਾ ਕੀਤੀ ਗਈ। ਮਤੇ 'ਚ ਕਲਾਕਾਰ ਸਨਾਤਕ ਕੌਰ, ਨਿਊਯਾਰਕ ਦੀ ਪੁਲਿਸ ਅਧਿਕਾਰੀ ਗੁਰਸੋਚ ਕੌਰ ਤੇ ਕੈਲੀਫੋਰਨੀਆ ਯੂਨੀਵਰਸਿਟੀ ਦੀ ਪ੍ਰੋਫੈਸਰ ਸੁਪ੍ਰੀਤ ਕੌਰ ਵੀ ਦਾ ਜ਼ਿਕਰ ਕੀਤਾ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# ਯੂਬਾ ਸਿਟੀ, ਕੈਲੇਫੋਰਨੀਆ 'ਚ ਗੁਰਤਾਗੱਦੀ ਦਿਵਸ ਦੌਰਾਨ ਵਿਸ਼ਾਲ ਨਗਰ ਕੀਰਤਨ

























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ







# ਪਾਲ ਸਹੋਤਾ

## ਓਵਰਸੀਜ਼ ਕਾਂਗਰਸ ਯੂ.ਐਸ.ਏ. ਦੇ ਕਨਵੀਨਰ

**559-269-6974**

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।। ੴ





## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਗਾਖਲ ਭਰਾਵਾਂ ਵੱਲੋਂ ਲੱਖ-ਲੱਖ ਵਧਾਈਆਂ



# ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ, ਸ. ਇਕਬਾਲ ਸਿੰਘ ਗਾਖਲ ਅਤੇ ਸਮੂਹ ਗਾਖਲ ਪਰਿਵਾਰ

ੴ ਸਹਜਿ ਮਿਲੈ ਮਿਲਿਆ ਪਰਵਾਣੁ॥ ਨਾ ਤਿਸੁ ਮਰਣੁ ਨ ਆਵਣੁ ਜਾਣੁ॥ ੴ
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥ ਜਹ ਦੇਖਾ ਤਹ ਅਵਰੁ ਨ ਕੋਇ॥






# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਜਸਵਿੰਦਰ ਬੰਗਾ ਵੱਲੋਂ ਲੱਖ-ਲੱਖ ਵਧਾਈਆਂ




## ਜਸਵਿੰਦਰ ਬੰਗਾ ਅਤੇ ਸਮੂਹ ਪਰਿਵਾਰ

(Former Chairman: Sri Guru Ravidass Sabha Sacramento)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥



## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ






# ਅਵਤਾਰ ਲਾਖਾ
# ਅਤੇ ਸਮੂਹ
# ਲਾਖਾ ਪਰਿਵਾਰ

# “ਜਸ਼ਨ-ਏ-ਦਿਵਾਲੀ 2019” ਪ੍ਰੋਗਰਾਮ ਦੌਰਾਨ ਫਰਿਜ਼ਨੋ ’ਚ ਲੱਗੀਆਂ ਰੌਣਕਾਂ






**ਫਰਿਜ਼ਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ):** ਰੋਜ਼ਾਨਾ ਕੰਮਾਂ-ਕਾਰਾ ਦੇ ਰੁਝੇਵਿਆਂ ਵਿੱਚ ਰੁੱਝੇ ਵਿਦੇਸਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਹਮੇਸਾ ਤਾਂਘ ਰਹਿੰਦੀ ਹੈ ਕਿ ਚੰਗੇ ਸਾਹਿੱਤਕ ਅਤੇ ਪਰਿਵਾਰਕ ਵੰਨਗੀ ਦੇ ਗੀਤਾਂ ਨੂੰ ਸੁਣਿਆ ਜਾਵੇ। ਭਾਰਤ ਤੋਂ ਬੁਲਾਏ ਕਲਾਕਾਰ ਬਹੁਤੀ ਵਾਰ ਉਨ੍ਹਾਂ ਦੀਆ ਉਮੀਦਾ ’ਤੇ ਪੂਰੇ ਨਹੀਂ ਉਤਰਦੇ। ਇਸੇ ਲਈ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਸੁਪਨੇ ਨੂੰ “ਆਸੀਆਨਾ ਟਰੈਵਲ” ਦੇ ਸੰਸਥਾਪਕ ਤਰਨ ਸਿੰਘ ਦੁਆਰਾਂ ਜਸਵੰਤ ਮਹਿੰਮੀ, ਮਲਕੀਅਤ ਮੀਤ ਅਤੇ ਕੁਲਵੰਤ ਉੱਭੀ ਧਾਲੀਆਂ ਦੇ ਸਹਿਯੋਗ ਨਾਲ ਬਣਾਏ ਗਰੁੱਪ ’ਫਰਿਜ਼ਨੋ ਡਰੀਮਜ਼’ ਦੇ ਕਲਾਕਾਰਾਂ ਨੇ ਆਪਣੇ ਦੂਸਰੇ ਸਲਾਨਾ ਪ੍ਰੋਗਰਾਮ ’ਜਸ਼ਨ-ਏ-ਦਿਵਾਲੀ 2019’ ਰਾਹੀ ਸਾਕਾਰ ਕਰ ਇਕ ਨਵਾਂ ਮੀਲ ਪੱਥਰ ਗੱਡ ਦਿੱਤਾ। ਇਸ ਪ੍ਰੋਗਰਾਮ ਵਿੱਚ ਸਾਮਲ ਸਾਰੇ ਕਲਾਕਾਰ ਕੈਲੀਫੋਰਨੀਆ ਦੇ ਨਿਵਾਸੀ ਸਨ। ਇਲਾਕੇ ਦਾ ਇਹ ਅਜਿਹਾ ਪ੍ਰੋਗਰਾਮ ਸੀ ਜਿਸ ਨੂੰ ਫਰਿਜ਼ਨੋ ਦੇ ’ਵੈਟਰਨ ਮੈਮੋਰੀਅਲ ਆਡੀ-ਉਟੋਰੀਅਮ’ ਵਿੱਚ ਕਰਵਾਇਆਂ ਗਿਆ ਅਤੇ ਜਿਸ ਵਿੱਚ ਸਾਢੇ ਚਾਰ ਘੰਟੇ ਤੋਂ ਵਧੀਕ ਬੈਠ ਸ੍ਰੋਤਿਆਂ ਨੇ ਭਰਪੂਰ ਅਨੰਦ ਮਾਣਿਆਂ। ਪ੍ਰੋਗਰਾਮ ਦੀ ਸੁਰੂਆਤ ਕੁਲਵੰਤ ਉੱਭੀ ਧਾਲੀਆਂ ਅਤੇ ਮਲਕੀਅਤ ਮੀਤ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕੀਤੀ। ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਧਾਰਮਿਕ ਗੀਤਾਂ ਰਾਹੀ ਆਗਾਜ ਕੀਤਾ। ਇਸ ਉਪਰੰਤ ਚੱਲੇ ਗਾਇਕੀ ਦੇ ਖੁੱਲੇ ਅਖਾੜੇ ਵਿੱਚ ਗਾਇਕ ਬਹਾਦਰ ਸਿੱਧੂ, ਗੌਗੀ ਸੰਧੂ, ਅਵਤਾਰ ਗਰੇਵਾਲ, ਬਾਈ ਸੁਰਜੀਤ ਮਾਛੀਵਾੜਾ, ਗਾਇਕਾ ਜੋਤ ਰਣਜੀਤ ਕੌਰ, ਜਗਦੇਵ ਸਿੰਘ ਧੰਜ਼ਲ, ਜੇ. ਰਸੀਆ ਅਤੇ ਧਰਮਵੀਰ ਥਾਂਦੀ ਨੇ ਆਪਣੇ-ਆਪਣੇ ਅੰਦਾਜ ਵਿੱਚ ਗਾਇਕੀ ਕਰਦੇ ਹੋਏ ਸ੍ਰੋਤਿਆਂ ਨੂੰ ਕੀਲੀ ਰੱਖਿਆਂ। ਜਦ ਕਿ ਅੱਠ ਸਾਲ ਦੇ ਛੋਟੇ ਬੱਚੇ ਅਮਨਜੋਤ ਨੇ ਗਾਇਕੀ ਰਾਹੀ ਵੱਡੇ ਧਮਾਕੇ ਕਰ ਸਭ ਦਾ ਮਨ ਮੋਹ ਲਿਆ। ਇਸੇ ਸਮੇਂ ’ਫਰਿਜ਼ਨੋ ਡਰੀਮਜ਼’ ਵੱਲੋਂ ਚਲਾਏ ਜਾ ਰਹੇ ਬੱਚਿਆ ਨੂੰ ਗੀਤ-ਸੰਗੀਤ, ਗਿੱਧਾ-ਭੰਗੜਾ, ਐਕਟਿੰਗ ਆਦਿਕ ਸੈਂਟਰ ਦੇ ਬੱਚਿੱਆ ਨੇ ਦਵਿੰਦਰ ਕੌਰ ਸੰਘਾ ਦੀ ਨਿਰਦੇਸ਼ਨਾ ਹੇਠ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਦੇ ਮੁੱਖ ਪ੍ਰਬੰਧਕ ਤਰਨ ਸਿੰਘ ਨੇ ਆਪਣੇ ਸਾਥੀਆਂ ਸਮੇਤ ਸਟੇਜ਼ ਤੋਂ ਸਮੂੰਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ ’ਤਰਕਸ਼ ਏਅਰ ਲਾਈਨ’ ਦੀਆ ਟਿਕਟਾ ਰੈਫਲ ਡਰਾਅ ਰਾਹੀ ਕੱਢੀਆਂ ਗਈਆ। ਸਟੇਜ਼ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾ-ਖੂਬੀ ਕੀਤਾ। ਸਮੂੰਹ ਹਾਜਰੀਨ ਲਈ ਪ੍ਰਬੰਧਕਾਂ ਵੱਲੋਂ ਹਰ ਪ੍ਰਕਾਰ ਦੇ ਸੁਆਦਿਸਟ ਖਾਣਿਆਂ ਦਾ ਪ੍ਰਬੰਧ ਕਰਕੇ ਸਾਂਝੀ ਦਿਵਾਲੀ ਵਾਲਾ ਪਰਿਵਾਰਿਕ ਮਹੌਲ ਸਿਰਜਿਆਂ ਗਿਆ ਸੀ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ’ਫਰਿਜ਼ਨੋ ਡਰੀਮਜ’ ਦੇ ਸਮੂੰਹ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ।

# ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਮੇਲਾ ਯਾਦਗਾਰੀ ਹੋ ਨਿਬੜਿਆ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਅਤੇ ਸਹਿਯੋਗੀਆਂ ਵੱਲੋਂ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ 19ਵਾਂ ਯਾਦਗਾਰੀ ਮੇਲਾ ਸ਼ਹਿਰ ਦੇ ਪੈਨਜੈਕ ਪਾਰਕ ਵਿਖੇ ਕਰਵਾਇਆ ਗਿਆ। ਇਸ ਵਿੱਚ ਇਲਾਕੇ ਭਰ ਦੀਆਂ ਵੱਖ-ਵੱਖ ਸੱਭਿਆਚਾਰਕ ਅਤੇ ਰਾਜਨੀਤਿਕ ਸੰਸਥਾਵਾ ਦੇ ਨੁਮਾਇੰਦਿਆਂ ਅਤੇ ਸਮੂੰਹ ਪੰਜਾਬੀਅਤ ਨੇ ਸਿਰਕਤ ਕੀਤੀ। ਜਿਸ ਦੀ ਸੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ’ਤੇ ਫੁੱਲਾਂ ਦੇ ਹਾਰ ਪਾਉਣ ਨਾਲ ਹੋਈ। ਇਸ ਉਪਰੰਤ ਯਮਲਾ ਜੀ ਦੇ ਸਗਿਰਦ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਕੀਤੀ। ਇਸ ਉਪਰੰਤ ਸੁਰੂ ਹੋਇਆ ਗਾਇਕੀ ਦਾ ਖੁਲ੍ਹਾਂ ਅਖਾੜਾ ਜਿਸ ਵਿੱਚ ਕਲਾਕਾਰਾ ਨੇ ਆਪਣੀ ਵਿਰਾਸਤੀ ਗਾਇਕੀ ਦਾ ਖੂਬ ਰੰਗ ਬੰਨਿਆ। ਜਿਸ ਵਿੱਚ ਰਾਜ ਬਰਾੜ ਤੋ ਇਲਾਵਾ ਖਾਸ ਤੌਰ ’ਤੇ ਗਾਇਕ ਬਰਜਿੰਦਰ ਮਚਲਾ ਜੱਟ, ਗਾਇਕਾ ਬੀਬੀ ਜੋਤ ਰਣਜੀਤ ਕੌਰ, ਪੱਪੀ ਭਦੌੜ, ਗੌਗੀ ਸੰਧੂ, ਹਰਦੇਵ ਸੰਧੂ ਆਦਿਕ ਨੇ ਗੀਤ ਗਾਏ। ਜਦ ਕਿ ਦਿਲਦਾਰ ਬ੍ਰਦਰਜ਼



ਕੈਲੀਫੋਰਨੀਆ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਕਾਰਾ ਗਿੱਲ, ਅਤੇ ਪੱਪੂ ਬਰਾੜ ਨੇ ਆਪਣੀ ਗਾਇਕੀ ਰਾਹੀ ਖੂਬ ਰੌਣਕਾਂ ਲਾਈਆ। ਜਦ ਕਿ ਇਸ ਮੇਲੇ ਵਿੱਚ ਸ਼ਿਰਕਤ ਕਰਨ ਲਈ ਲੋਕ ਪ੍ਰਸਿੱਧ ਗੀਤਕਾਰ ਅਤੇ ਸਟੇਜ਼ ਸੰਚਾਲਕ ਮੱਖਣ ਬਰਾੜ ਵਿਸ਼ੇਸ਼ ਤੌਰ ’ਤੇ ਪਹੁੰਚੇ ਹੋਏ ਸਨ। ਜਿੰਨ੍ਹਾਂ ਆਪਣੀ ਮਿਆਰੀ ਸ਼ੇਅਰੀ ਅਤੇ ਵਿਚਾਰਾ ਨਾਲ ਸਾਂਝ ਪਾਈ।

ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਰੇਡੀਓ ਹੋਸ਼ਟ ਅਤੇ ਲੇਖਕ ਜਗਤਾਰ ਗਿੱਲ ਅਤੇ ਜਸਵੰਤ ਮਹਿੰਮੀ ਨੇ ਬਾਖੂਬੀ ਕੀਤਾ। ਇੰਨ੍ਹਾਂ ਯਾਦਗਾਰੀ ਪਲਾ ਨੂੰ ਕੈਮਰਬੱਧ ਸਿਆਰਾ ਸਿੰਘ ਢੀਡਸਾ ’ਉਮਨੀ ਵੀਡੀਉ ਬੇਕਰਸ਼ਫੀਲਡ’ ਨੇ ਕੀਤਾ।

ਸਟੇਜ਼ ਸੰਚਾਲਨ ਜਸਵੰਤ ਮਹਿੰਮੀ ਨੇ ਬਾਖੂਬੀ ਕੀਤਾ। ਮੇਰੇ ਦੌਰਾਨ ਸੰਸਥਾ ਵੱਲੋਂ ਚਾਹ-ਪਕੌੜੇ, ਜਲੇਬੀਆਂ ਆਦਿਕ ਦੇ ਲੰਗਰ ਚੱਲੇ। ਇਹ ਨਿਰੋਲ ਪੰਜਾਬੀ ਸੱਭਿਆਚਾਰ ਦਾ ਸੁਨੇਹਾ ਦਿੰਦਾ ਹੋਇਆ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ ਇਹ ਮੇਲਾ ਯਾਦਗਾਰੀ ਹੋ ਨਿਬੜਿਆ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਗੁਰਦੁਆਰਾ ਸਿੱਖ ਸੈਂਟਰ, ਐਂਡਰਸਨ ਵੱਲੋਂ 13ਵਾਂ ਸਾਲਾਨਾ ਨਗਰ ਕੀਰਤਨ ਸਮਾਗਮ 22, 23 ਅਤੇ 24 ਨਵੰਬਰ

**ਐਂਡਰਸਨ–** ਗੁਰਦੁਆਰਾ ਸਿੱਖ ਸੈਂਟਰ 5400 ਸਿੱਖ ਸੈਂਟਰ ਡ੍ਰਾਈਵ, ਐਂਡਰਸਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ





ਸਮਰਪਿਤ 13ਵਾਂ ਸਾਲਾਨਾ ਨਗਰ ਕੀਰਤਨ ਸਮਾਗਮ 22, 23 ਅਤੇ 24 ਨਵੰਬਰ ਨੂੰ ਕੱਢਿਆ ਜਾ ਰਿਹਾ ਹੈ। ਨਗਰ ਕੀਰਤਨ 23 ਨਵੰਬਰ 2019 ਨੂੰ ਹੋਵੇਗਾ। ਸ੍ਰੀ ਅਖੰਡ ਪਾਠ ਸਾਹਿਬ ਜੀ 22 ਨਵੰਬਰ ਨੂੰ ਸਵੇਰੇ 10.30 ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 24 ਨਵੰਬਰ ਨੂੰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਮੌਕੇ ਵਿਸ਼ਵ ਪ੍ਰਸਿੱਧ ਢਾਡੀ ਜਥਾ ਗਿਆਨੀ ਲਖਵਿੰਦਰ ਸਿੰਘ ਸੋਹਲ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਸ਼ਾਮੀ 6.15 ਤੋਂ 7.15 ਵਜੇ ਤੱਕ ਨਿਹਾਲ ਕਰਨਗੇ। ਨਗਰ ਕੀਰਤਨ ਦੌਰਾਨ ਜ਼ਿਪ ਲੋਕ ਬੈਗ (ਸਨੈਕਸ) ਵਰਤਾਉਣ ਦੀ ਸੇਵਾ ਐਂਡਰਸਨ ਨਿਵਾਸੀ ਤੇਜਬੀਰ ਸਿੰਘ ਪੱਡਾ, ਬੀਬੀ ਰਾਜਵਿੰਦਰ ਕੌਰ ਪੱਡਾ ਵੱਲੋਂ ਕੀਤੀ ਜਾਵੇਗੀ।

# ਫਰਿਜ਼ਨੋ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸਬੰਧੀ ਸਮਾਗਮ 24 ਨਵੰਬਰ ਨੂੰ

## ਮੁੱਖ ਬੁਲਾਰੇ ਡਾ.ਹਰਸ਼ਿੰਦਰ ਕੌਰ ਹੋਣਗੇ, ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਦਿੱਤੀ ਜਾਵੇਗੀ ਅਹਿਮੀਅਤ



**ਫਰਿਜ਼ਨੋ (ਕੁਲਵੀਰ ਹੇਅਰ)–** ਇਥੋਂ ਦੀ ਲੋਕਲ ਗਦਰੀ ਬਾਬਿਆਂ ਤੇ ਅਤੇ ਦੇਸ਼ ਭਗਤਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੇਰਿਕਨ ਹੈਰੀਟੇਜ ਫੋਰਮ ਦੀ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੀਨੀਅਰ ਆਗੂ ਅਤੇ ਖਾਜਾਨਚੀ ਜਸਵੰਤ ਸਿੰਘ ਮਾਨ ਨੇ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸਬੰਧੀ ਸਮਾਗਮ 24 ਨਵੰਬਰ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਵਿਚ ਹੋਵੇਗਾ।ਇਸ ਸਮਾਗਮ ਵਿਚ ਮੁੱਖ ਬੁਲਾਰੇ ਡਾ ਹਰਸ਼ਿੰਦਰ ਕੌਰ ਵਸ਼ੈਸ਼ ਤੌਰ ਤੇ ਪਹੁੰਚਣਗੇ ਅਤੇ ਹੋਰ ਨਾਮਵਰ ਬੁਲਾਰੇ ਪਹੁੰਚਣਗੇ।ਸ.ਮਾਨ ਨੇ ਅੱਗੇ ਜਾਣਕਾਰੀ ਦਿੱਤੀ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਵਲੋਂ ਹਰ ਸਮਾਗਮ ਦੀ ਤਰਾਂ ਬੱਚਿਆਂ ਨੂੰ ਇਹਨਾਂ ਸਮਗਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ।

ਉਹਨਾਂ ਦੱਸਿਆ ਕਿ ਬੱਚਿਆਂ ਵਲੋਂ ਕੋਈ ਵੀ ਤਿਆਰ ਕੀਤੀ ਗਈ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ।ਲੋਕਲ ਕਲਾਕਾਰਾਂ ਦੁਆਰਾ ਆਪਣੇ ਗੀਤਾਂ ਨਾਲ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।ਉਨਾਂ ਹਰ ਇਕ ਨੂੰ ਇਸ ਸਮਾਗਮ ਵਿਚ ਪੁਜਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿਚ ਸੰਸਥਾ ਅਹੁਦੇਦਾਰ, ਮੈਂਬਰ ਅਤੇ ਸਿਹਯੋਗੀ ਹਾਜਰ ਸਨ ਅਤੇ ਨਾਲ ਹੀ ਓਹਨਾਂ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਵਾਰ ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਦੀ ਯਾਦ ਵਿਚ 20ਵਾਂ ਮੇਲਾ 29 ਮਾਰਚ 2020 ਨੂੰ ਹੋਵੇਗਾ।ਹੋਰ ਜਾਣਕਾਰੀ ਲਈ ਸੰਸਥਾ ਨਾਲ 559-618-0156 , 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਿਰਵਾਨਾ ਬੈਂਕਇਟ ਤੇ ਈਵੈਂਟ ਸੈਂਟਰ ਅਤੇ ਸਹਾਇਤਾ ਵਲੋਂ 'ਸਿਹਤ ਟਾਕਸ' ਸੈਮੀਨਾਰ 9 ਨਵੰਬਰ 2019 ਨੂੰ




**ਟਰੇਸੀ (ਬਿਓਰੋ)–** ਨਿਰਵਾਨਾ ਬੈਂਕੁਇਟ ਤੇ ਈਵੈਂਟ ਸੈਂਟਰ ਅਤੇ ਸਹਾਇਤਾ ਵਲੋਂ 'ਸਿਹਤ ਟਾਕਸ' ਸਮਾਗਮ ਮਿਤੀ 9 ਨਵੰਬਰ ਦਿਨ ਸ਼ਨੀਵਾਰ ਨੂੰ ਨਿਰਵਾਨਾ ਬੈਂਕੁਇਟ ਤੇ ਈਵੈਂਟ ਸੈਂਟਰ 1005 E Pescadero Ave. Tracy, CA 95304 ਵਿਖੇ ਕਰਵਾਇਆ ਜਾ ਰਿਹਾ ਹੈ। ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਡਾਇਅਬੈਟਸ, ਕਾਰਡੀਓਵੈ ਸਕੁਲਰ ਇਸ਼ੂ, ਅਨੈਕਸਟੀ ਇਨ ਚਿਲਡਰਨ ਐਂਡ ਅਡਲਟਸ, ਡਾਇਟਰੀ ਹੈਬਿਟਸ ਵਿਸ਼ਿਆਂ 'ਤੇ ਡੂੰਘੇ ਵਿਚਾਰ ਵਟਾਂਦਰੇ ਹੋਣਗੇ। ਇਸ ਸੈਮੀਨਾਰ ਮੁਫਤ ਹੋਵੇਗਾ ਅਤੇ ਇਸ ਦੌਰਾਨ ਸਨੈਕਸ ਵੀ ਦਿੱਤੇ ਜਾਣਗੇ। ਹੋਰ ਜਾਣਕਾਰੀ ਲਈ ਸਹਾਇਤਾ ਦੀ ਵੈੱਬਸਾਈਟ ਮਮਮ.ਤ ਤੇ ਲਾਗ ਆਨ ਕੀਤਾ ਜਾ ਸਕਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

# ਸੁਰਿੰਦਰ ਪਾਲ ਸਿੰਘ ਨੂੰ ਸ਼ਰਧਾਂਜਲੀ



ਹਿੰਦੋਸਤਾਨ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਗ਼ਦਰੀ ਬਾਬਿਆਂ ਦੀ ਮੌਤ ਤੋਂ ਬਾਅਦ, ਉਨ੍ਹਾਂ ਦੀਆਂ ਯਾਦਾਂ ਨੂੰ ਜਿੰਦਾ ਰੱਖਣ ਵਾਲੇ ਇਨਸਾਨ ਬਹੁਤ ਘੱਟ ਹਨ। ਇਨ੍ਹਾਂ ਵਿਚ ਇਕ ਨਾਂ ਸੁਰਿੰਦਰ ਪਾਲ ਸਿੰਘ (ਐਸ. ਪੀ. ਸਿੰਘ) ਦਾ ਹੈ ਜਿਸ ਨੇ ਆਪਣੇ ਨਾਨੇ ਭਾਈ ਭਗਵਾਨ ਸਿੰਘ 'ਪ੍ਰੀਤਮ' ਦੇ ਨਾਂ ਨੂੰ ਜ਼ਿੰਦਾ ਰੱਖਿਆ। ਅਕਤੂਬਰ 26, 2019 ਵਾਲੇ ਦਿਨ ਐਸ. ਪੀ. ਸਿੰਘ ਇਸ ਫਾਨੀ ਦੁਨੀਆਂ 'ਚੋਂ ਰੁਖ਼ਸਤ ਹੋ ਗਏ ਹਨ। ਅਕਤੂਬਰ 2, 2019 ਨੂੰ ਉਨ੍ਹਾਂ ਦਾ ਦਾਹ ਸਸਕਾਰ ਕੀਤਾ ਗਿਆ। ਉਹ ਪਿਛਲੇ ਕੁੱਝ ਮਹੀਨਿਆਂ ਤੋਂ ਸਖਤ ਬੀਮਾਰ ਚਲੇ ਆਉਂਦੇ ਸਨ। ਭਾਈ ਭਗਵਾਨ ਸਿੰਘ ਨੇ, ਸਤੰਬਰ 8, 1962 ਨੂੰ ਸ਼ਿਮਲੇ ਵਿਖੇ ਆਖਰੀ ਸਾਹ ਲੈਣ ਤੋਂ ਪਹਿਲਾਂ, ਆਪਣੀਆਂ ਹੱਥ-ਲਿਖਤਾਂ ਦੀ ਸਾਂਭ-ਸੰਭਾਲ ਤੇ ਉਨ੍ਹਾਂ ਨੂੰ ਛਪਵਾਉਣ ਦਾ ਜ਼ਿੰਮਾ ਐਸ. ਪੀ. ਸਿੰਘ ਨੂੰ ਦਿੱਤਾ। ਉਸ ਨੇ ਭਾਈ ਸਾਹਬ ਦੀ ਇਸ਼ਾ ਦੀ ਰਹਿੰਦੇ ਦਮ ਤਕ ਪਾਲਣਾ ਕੀਤੀ। ਉਭਗਵਾਨ ਸਿੰਘ ਗਿਆਨੀ ਮੈਮੋਰੀਅਲ ਫਾਉਂਡੇਸ਼ਨ" ਸਥਾਪਤ ਕਰਕੇ ਉਨ੍ਹਾਂ ਦੀਆਂ ਅੰਗਰੇਜ਼ੀ ਵਿਚ ਲਿਖੀਆਂ ਪੁਸਤਕਾਂ, TThe Art of Practical Living (2006), Karma and Dharma (2008), Problems of Indian Nationalism (2009), ਛਾਪੀਆਂ। ਪੰਜਾਬੀ ਭਾਸ਼ਾ ਵਿਚ ਭਾਈ ਸਾਹਿਬ ਦੀ ਜੀਵਨੀ, 'ਗ਼ਦਰੀ ਬਾਬਾ ਭਾਈ ਭਗਵਾਨ ਸਿੰਘ 'ਪ੍ਰੀਤਮ' ਅਤੇ ਕਵਿਤਾ, 'ਭਗਵਾਨ ਸਿੰਘ ਪ੍ਰੀਤਮ ਦੀ ਸਮੁੱਚੀ ਕਵਿਤਾ' ਛਾਪੀ। ਭਾਈ ਸਾਹਿਬ ਦੀ ਕਵਿਤਾ ਨੂੰ ਸੰਪਾਦ ਕਰਨ ਦਾ ਮੌਕਾ ਮੈਨੂੰ ਮਿਲਿਆ।

ਐਸ. ਪੀ. ਸਿੰਘ ਨੇ ਸਵਰਗਵਾਸ ਹੋਣ ਤੋਂ ਕੁਝ ਚਿਰ ਪਹਿਲਾਂ, ਭਾਈ ਭਗਵਾਨ ਸਿੰਘ ਦੀਆਂ ਹੇਠ ਦਿੱਤੀਆਂ ਇਤਿਹਾਸਿਕ ਚਿੱਠੀਆਂ ਮੇਰੇ ਸਪੁਰਦ ਕੀਤੀਆਂ ਤਾਕਿ ਇਨ੍ਹਾਂ ਨੂੰ ਸੰਪਾਦ ਕਰਕੇ ਛਾਪਿਆ ਜਾ ਸਕੇ।

ਰਾਸ ਬਿਹਾਰੀ ਬੋਸ ਵਲੋਂ ਅਮਰੀਕਾ ਦੇ ਪ੍ਰੈਜ਼ੀਡਿੰਟ, ਵੁੱਡਰੋ ਵਿਲਸਨ ਵਲ (ਜੁਲਾਈ 1, 1917),

ਭਗਵਾਨ ਸਿੰਘ ਵਲੋਂ ਅਮਰੀਕਾ ਦੇ ਲੇਵਰ ਸਕੱਤਰ, ਡਵਯੂ. ਬੀ. ਵਿਲਸਨ ਵਲ (ਸਤੰਬਰ 3, 1919),

ਐਗਨਸ ਸਮੈਡਲੇ, ਹਿੰਦੋਸਤਾਨ ਦੀ ਆਜ਼ਾਦੀ ਦੀ ਹਮਦਰਦਣ, ਵਲੋਂ ਭਗਵਾਨ ਸਿੰਘ ਵਲ (ਨਵੰਬਰ, 9, 1919), ਭਗਵਾਨ ਸਿੰਘ ਵਲੋਂ 'ਬੰਦੇ ਮਾਤ੍ਰਮ ਆਫ ਲਾਹੌਰ' ਦੇ ਦਫਤਰ ਵਲ (ਅਪ੍ਰੈਲ 29, 1919),

ਐਗਨਸ ਸਮੈਡਲੇ ਦੀ ਸੰਸਥਾ 'ਫਰੈਂਡ'ਜ਼ ਆਫ ਫਰੀਡਮ ਫਾਟਰਜ਼' ਵਲੋਂ ਭਗਵਾਨ ਸਿੰਘ ਵਲ (ਜਨਵਰੀ 16, 1920)। ਭਗਵਾਨ ਸਿੰਘ ਵਲੋਂ ਚੀਨ ਦੀ ਮੁੱਖ ਲੇਡੀ, ਮੈਡਮ ਚੰਕਾਈ-ਸ਼ਿੱਕ, ਵਲ (ਜੁਲਾਈ 4, 1943),

ਭਗਵਾਨ ਸਿੰਘ ਵਲੋਂ ਅਮਰੀਕਾ ਦੇ ਕੌਂਸਲ ਜਨਰਲ ਮਿਸਟਰ ਐਮ. ਆਰ. ਆਹੂਜਾ ਵਲ (ਨਵੰਬਰ, 1950),

ਮਾਸਟਰ ਤਾਰਾ ਸਿੰਘ ਵਲੋਂ ਭਗਵਾਨ ਸਿੰਘ ਵਲ (ਨਵੰਬਰ 18, 1953),

ਬਾਬਾ ਗੁਰਦਿੱਤ ਸਿੰਘ ਵਲੋਂ ਭਗਵਾਨ ਸਿੰਘ ਵਲ (ਸਤੰਬਰ 3, 1954),

ਭਗਵਾਨ ਸਿੰਘ ਵਲੋਂ ਮਿਸਟਰ ਐਨ. ਜੀ. ਰਾਠੌਰ ਵਲ (ਔਗਸਤ 27, 1959),

ਭਗਵਾਨ ਸਿੰਘ ਵਲੋਂ ਅਮਰੀਕਾ ਦੇ ਭਾਰਤੀ ਵਿਦਿਆਰਥੀਆਂ ਵਲ (ਅਕਤੂਬਰ 10, 1959)।

ਐਸ. ਪੀ. ਸਿੰਘ ਸਾਰੀ ਉਮਰ ਗ਼ਦਰੀ ਬਾਬਿਆਂ ਦੀ ਸੋਚ ਨੂੰ ਸਮਰਪੱਤ ਰਹੇ। ਗ਼ਦਰੀ ਬਾਬਿਆਂ ਨਾਲ ਸੰਬੰਧਤ ਸੰਸਥਾਵਾਂ (ਇੰਡੋ-ਅਮੈਰੀਕਨ ਹੈਰੀਟੇਜ ਫ਼ਾਉਂਡੇਸ਼ਨ, ਨਿਊ ਯਾਰਕ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰੈਜ਼ਨੋ; ਇੰਡੋ-ਅਮੈਰੀਕਨ ਕਲਚਰਲ ਔਰਗਨਾਈਜ਼ੇਸ਼ਨ, ਸੈਕਰਾਮਿੰਟੋ) ਨਾਲ ਹਮੇਸ਼ਾ ਰਾਬਤਾ ਰਖਿਆ। ਜਦ ਵੀ ਮੌਕਾ ਲਗਦਾ ਉਨ੍ਹਾਂ ਦੇ ਸਮਾਗਮਾਂ ਵਿਚ ਸ਼ਾਮਿਲ ਵੀ ਹੁੰਦਾ ਸੀ।ਇਨ੍ਹਾਂ ਸੰਸਥਾਵਾਂ ਵਲੋਂ ਐਸ. ਪੀ. ਸਿੰਘ ਨੂੰ ਤਹਿ ਦਿਲੋਂ ਸ਼ਰਧਾਜਲੀ ਭੇਂਟ ਕੀਤੀ ਜਾਂਦੀ ਹੈ। ਉਸ ਦੀ ਪਤਨੀ ਰਘੁਬੀਰ ਕੌਰ ਅਤੇ ਬੇਟੇ ਜਸਪਾਲ ਸਿੰਘ ਨਾਲ ਦੁੱਖ ਸ਼ਾਂਝਾ ਕਰਦਿਆਂ ਅਰਦਾਸ ਕਰਕੇ ਹਾਂ ਕਿ ਸੁਰਿੰਦਰ ਪਾਲ ਸਿੰਘ ਨੂੰ ਰੱਬ ਦੀ ਦਰਗਾਹ ਵਿਚ ਸੁਖਾਵੀਂ ਥਾਂ ਮਿਲੇ।

**– ਗੁਰੂਮੇਲ ਸਿੱਧੂ**

# ਯੂਬਾ ਸਿਟੀ, ਕੈਲੇਫੋਰਨੀਆ 'ਚ ਗੁਰਤਾਗੱਦੀ ਦਿਵਸ ਦੌਰਾਨ ਵਿਸ਼ਾਲ ਨਗਰ ਕੀਰਤਨ

**(ਸਫਾ 1 ਦੀ ਬਾਕੀ)**

ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸੀ। ਐਤਕਾਂ ਵੀ ਸ੍ਰੀ ਅਖੰਡ ਪਾਠਾਂ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੋਈ। ਵਿਸ਼ੇਸ਼ ਢਾਡੀ ਦਰਬਾਰ 12 ਅਕਤੂਬਰ ਨੂੰ ਕਰਵਾਇਆ ਗਿਆ। ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ 13 ਅਕਤੂਬਰ ਨੂੰ ਕਰਵਾਇਆ ਗਿਆ। ਇਸ ਗੁਰਦੁਆਰਾ ਸਾਹਿਬ ਦਾ 50ਵਾਂ ਸਥਾਪਨਾ ਦਿਵਸ ਵੀ 28 ਅਕਤੂਬਰ ਨੂੰ ਸਮੁੱਚੇ ਢੰਗ ਨਾਲ ਮਨਾਇਆ ਗਿਆ, ਜਿਸ ਦੌਰਾਨ ਗੁਰਦੁਆਰਾ ਦੇ ਮੁਢਲੇ ਮੈਂਬਰਾਂ ਤੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਬੰਦੀ ਛੋੜ ਦਿਵਸ ਅਕਤੂਬਰ 27 ਨੂੰ ਮਨਾਇਆ ਗਿਆ, ਜਿਸ ਦੌਰਾਨ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ। ਇਸ ਦੌਰਾਨ ਦੀਪਮਾਲਾ ਕੀਤੀ ਗਈ। ਇਹਨਾਂ ਸਮਾਗਮਾਂ ਦੀ ਖ਼ੂਬਸੂਰਤੀ 'ਚ ਉਦੋਂ ਵਾਧਾ ਹੋਇਆ ਜਦੋਂ 1 ਨਵੰਬਰ ਨੂੰ ਵੱਡੀ ਪੱਧਰ ਤੇ ਆਤਿਸ਼ਬਾਜੀ ਹੋਈ, ਜਿਸਦਾ ਸਮੁੱਚੇ ਯੂਬਾ ਸਿਟੀ ਦੇ ਲੋਕਾਂ ਨੇ ਆਨੰਦ ਮਾਣਿਆ। 2 ਨਵੰਬਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਤੇ ਇਸੇ ਦਿਨ ਸਵੇਰੇ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ। ਇਸੇ ਲੜੀ ਵਿਚ ਗੁਰਦੁਆਰਾ ਸਾਹਿਬ ਦੇ ਦਸ਼ਮੇਸ਼ ਹਾਲ ਵਿਚ ਇਕ ਭਰਵਾਂ ਸੈਮੀਨਾਰ ਡਾ. ਜਸਬੀਰ ਸਿੰਘ ਕੰਗ ਦੀ ਦੇਖ-ਰੇਖ ਵਿਚ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਡਾ. ਭੀਮ ਰਾਓ ਅੰਬੇਦਕਰ ਦੇ ਪੋਤੇ ਰਾਜ ਰਤਨ ਅੰਬੇਦਕਰ ਨੇ ਭਰਵੀਂ ਹਾਜ਼ਰੀ ਦਿੱਤੀ। ਉਹਨਾਂ ਨੇ ਸਿੱਖੀ ਸਿਧਾਂਤਾਂ ਤੇ ਜਾਤ-ਪਾਤ ਤੋਂ ਰਹਿਤ ਸਿੱਖੀ ਦੀ ਗੱਲ ਸਿੱਖ ਸੰਗਤਾਂ ਤੱਕ ਪਹੁੰਚਾਈ। 2 ਨਵੰਬਰ ਨੂੰ ਹੀ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ, ਜਿਸ ਵਿਚ ਨੌਜਵਾਨ ਪੀੜ੍ਹੀ ਨੇ ਭਰਪੂਰ ਯੋਗਦਾਨ ਪਾਇਆ। 2 ਨਵੰਬਰ ਨੂੰ ਸਾਰਾ ਦਿਨ ਭਾਰੀ ਦੀਵਾਨ ਸਜਾਏ ਗਏ, ਜਿਸ ਵਿਚ ਸਿੱਖ ਆਗੂਆਂ ਤੇ ਅਮਰੀਕਨ ਆਗੂਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਇਹਨਾਂ ਆਗੂਆਂ ਵਿਚ ਕਾਂਗਰਸਮੈਨ ਜੌਨ ਗਰਮੈਂਡੀ, ਜਿਮ ਵੈਟਕਰ ਕਾਉਂਟੀ ਸੁਪਰਵਾਈਜਰ, ਯੂਬਾ ਸਿਟੀ ਦੇ ਮੇਅਰ ਸ਼ੌਨ ਹੈਰਿਸ, ਮੈਨੀ ਕਡੋਜਾ ਵਾਈਸ ਮੇਅਰ, ਕਾਂਗਰਸਮੈਨ ਡੱਗ ਲੁਮਾਲਫਾ ਚੀਕੋ ਏਰੀਆ ਆਦਿ ਤੋਂ ਇਲਾਵਾ ਸਿੱਖ ਆਗੂਆਂ ਵਿਚ ਦੀਦਾਰ ਸਿੰਘ ਬੈਂਸ, ਡਾ. ਪ੍ਰਿਤਪਾਲ ਸਿੰਘ, ਡਾ. ਅਮਰਜੀਤ ਸਿੰਘ, ਸੰਤ ਸਿੰਘ ਹੋਠੀ, ਭਾਈ ਰੇਸ਼ਮ ਸਿੰਘ, ਜੌਹਨ ਸਿੰਘ ਗਿੱਲ, ਤੇਜਿੰਦਰ ਮਾਨ, ਗੁਰਨਾਮ ਸਿੰਘ ਪੰਮਾ, ਭਾਈ ਗੁਰਮੀਤ ਸਿੰਘ, ਭਾਈ ਹਰਦਿਆਲ ਸਿੰਘ, ਭਾਈ ਜਸਜੀਤ ਸਿੰਘ, ਭਾਈ ਜਸਦੇਵ ਸਿੰਘ, ਰਜਿੰਦਰ ਸਿੰਘ ਚੌਹਾਨ, ਪਾਕਿਸਤਾਨ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਜੇਵ ਭੱਟੀ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵੰਤ ਸਿੰਘ ਬੈਂਸ, ਕਸ਼ਮੀਰੀ ਲੀਡਰ ਬੀਬੀ ਗੁੰਜਾਲਾ ਹਬੀਬਾ ਤੇ ਸੁਖਵਿੰਦਰ ਸਿੰਘ ਠਾਣਾ ਆਦਿ ਨੇ ਆਪਣੇ-ਆਪਣੇ ਵਿਚਾਰ ਰੱਖੇ। ਸਾਰੇ ਬੁਲਾਰਿਆਂ ਨੇ ਆਪਣੇ ਆਪਣੇ ਢੰਗ ਨਾਲ ਸ਼ਾਮਲ ਸੰਗਤਾਂ ਨੂੰ ਮਤਭੇਦਾਂ ਤੋਂ ਉਪਰ ਉੱਠ ਕੇ ਸਿੱਖੀ ਸਿਧਾਂਤਾਂ ਤੇ ਪਹਿਰਾ ਦੇਣ ਅਤੇ 550ਵੇਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸਾਂ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਵੱਖ-ਵੱਖ ਬੁਲਾਰਿਆਂ ਨੇ ਸਿੱਖ ਸਿਧਾਂਤਾਂ ਉਪਰ ਬ੍ਰਾਹਮਣਵਾਦੀ ਸੋਚਾਂ ਦੇ ਪੈ ਰਹੇ ਪ੍ਰਭਾਵਾਂ ਤੋਂ ਸਿੱਖੀ ਨੂੰ ਮੁਕਤ ਕਰਵਾਉਣ ਦੀ ਗੱਲ ਆਖੀ। ਭਾਰਤ ਸਰਕਾਰ ਦੀ ਸਿੱਖ ਧਰਮ ਵਿਚ ਦਖਲਅੰਦਾਜ਼ੀ ਅਤੇ ਆਰ. ਐਸ. ਐਸ. ਦਾ ਹਿੰਦੂ ਸਿਧਾਂਤ ਦੂਸਰੇ ਧਰਮਾਂ ਤੇ ਲਾਗੂ ਕਰਨਾ, ਸਾਰੇ ਦੇਸ਼ ਦੀ ਇਕ ਬੋਲੀ ਦਾ ਵਿਰੋਧ ਕੀਤਾ ਗਿਆ।

ਅਖੀਰਲੇ ਦਿਨ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਦਿਨ ਕਰੀਬ ਇਕ ਲੱਖ ਸ਼ਰਧਾਲੂਆਂ ਤੇ ਇਸ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਸੰਗਤਾਂ ਉਪਰ ਹੈਲੀਕਾਪਟਰ ਵਿਚੋਂ ਤੇ ਹਰਮਨ ਥਿਆੜਾ ਤੇ ਥਿਆੜਾ ਪਰਿਵਾਰ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ। ਮੌਜੂਦਾ ਕਮੇਟੀ ਦੀ ਸਮੁੱਚੀ ਅਗਵਾਈ ਜਸਵੰਤ ਸਿੰਘ ਬੈਂਸ ਪ੍ਰਧਾਨ ਤੇ ਸਰਬਜੀਤ ਥਿਆੜਾ ਆਦਿ ਵੱਲੋਂ ਕੀਤੀ ਗਈ। ਇਸ ਮੌਕੇ ਸਕਿਊਰਟੀ ਦਾ ਐਨਾ ਜ਼ਿਆਦਾ ਪ੍ਰਬੰਧ ਸੀ ਕਿ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਤੇ ਫਲੋਟ ਦੇ ਨਾਲ ਨਾਲ ਸ਼ੈਰਫ ਦੀਆਂ ਗੱਡੀਆਂ ਤੇ ਘੋੜ ਸਵਾਰ ਪੁਲਿਸ ਤੇ ਕੁੱਤਾ ਪੁਲਿਸ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਐਤਕਾਂ ਵੀ ਵੱਖ-ਵੱਖ ਹੋਰ ਭਾਈਚਾਰਿਆਂ ਦੇ ਲੋਕ ਵੀ ਕਾਫੀ ਤਾਦਾਦ ਵਿਚ ਇੱਥੇ ਦੇਖੇ ਗਏ। ਲੋਕਾਂ ਨੇ ਦੇਸੀ ਤੇ ਧਾਰਮਿਕ ਬਾਜ਼ਾਰ ਵਿਚੋਂ ਭਰਪੂਰ ਖਰੀਦੋ-ਫਰੋਖਤ ਕੀਤੀ। ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਕਰੀਬ ਚਾਰ-ਪੰਜ ਮੀਲ ਦੇ ਘੇਰੇ ਵਿਚ ਵਿੱਖਰੀਆਂ ਹੋਈਆਂ ਸਨ। ਵੱਖ-ਵੱਖ ਲੰਗਰਾਂ ਦਾ ਸੁਆਦ ਲੋਕਾਂ ਨੇ ਰੱਜ ਕੇ ਮਾਣਿਆ। ਨਗਰ ਕੀਰਤਨ ਵਿਚ ਸ਼ਾਮਲ ਫਲੋਟਾਂ ਵਿਚ ਮੇਨ ਫਲੋਟ ਤੋਂ ਇਲਾਵਾ ਦਰਬਾਰ ਸਾਹਿਬ, ਸਰਬੱਤ ਖਾਲਸਾ, ਯੂਨਾਈਟਿਡ ਸਿੱਖਸ, ਜੈਕਾਰਾ ਮੂਵਮੈਂਟ, ਸਿੱਖ ਧਰਮ ਨਾਰਥਨ ਕੈਲੀਫੋਰਨੀਆ, ਪੰਜਾਬੀ ਮਰਦਮ ਸ਼ੁਮਾਰੀ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗੁਰਦੁਆਰਾ ਬਰਾਡਸ਼ਾਅ ਸੈਕਰਾਮੈਂਟੋ, ਸਿੱਖਸ ਫਾਰ ਜਸਟਿਸ ਦੀ ਮੁੱਖ ਸਟੇਜ ਵਿਸ਼ੇਸ਼ ਤੌਰ ਤੇ ਸ਼ਾਮਲ ਹੈ। ਇਸ ਨਗਰ ਕੀਰਤਨ ਵਿਚ ਦੇਸੀ ਤੇ ਅੰਗਰੇਜ਼ੀ ਮੀਡੀਏ ਦੀ ਵੀ ਖਾਸ ਸ਼ਮੂਲੀਅਤ ਦੇਖੀ ਗਈ।






ਦੇਸ਼ ਦੁਆਬਾ

# A MESSENGER OF PEACE AND UNIVERSAL BROTHERHOOD

# SRI GURU NANAK DEV JI

On the occasion of 550th Birth Anniversary celebrations of SRI GURU NANAK DEV JI the whole world has graciously come together to participate in this historic and epoch-making celebration.

On behalf of SUPREME COUNCIL SRI GURU RAVIDASS SABHAS,USA we convey our hearty congratulations to the entire world for observing this great and noble Anniversary of Sat Guru Nanak Dev Ji Maharaj who was one of the brightest luminaries in the medieval Bhakti Renaissance. Guru Nanak Dev Ji stands prominent among his contemporaries on account of his doctrine regarding the uselessness of ritualism and Brahminical practices for initiation into spiritual life.

"KIRAT KARO, WAND SHAKO AND NAM JAPO" are the key tenets of his mission and philosophy of life which, if followed truly, will be a clarion call for universal humanism.

TEACHINGS RELEVANT IN THE MODERN WORLD: - Today when the whole world has been overtaken by cult of violence and social fragmentations of VARNAS AND CASTES and other forms of religious fundamentalism, the teachings of Guru Nanak are very relevant.

KARTARPUR LANGHA: - This year's celebration with allowing "Kartarpur Langha" free corridor between India and Pakistan bears a special significance in the hearts of those devotees who will be able to observe this great celebration at Kartarpur Gurudwara premises itself where Guru Nanak Dev Ji spent the last 15 years of his life in the cultivation of land as an agriculturist as a way of life and source of livelihood as an ordinary layman. He always believed that Truth never grows old, truth survives and truth brings illumination.

Our best tribute to the commemoration of this universal day in the memory of Guru Nanak Dev Ji will be to adopt his teachings as a way of our daily lives to help make this planet a better place to live.

It is a matter of added pleasure, privilege and prestige for me to note that, in view of universal approach of this important message to all sects and religions, Mr. Prem Chumber, Chief Editor Desh Doaba and Ambedkar Times, has chosen this message to appear in the Editorial column of his esteemed Newspaper. I am grateful to Mr. Chumber for this first opportunity which I hope will inspire me for future contributions of this nature.

**Humble Sewadar,**
**O.P. Balley**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਬਾਬੇ ਨਾਨਕ ਦੀ ਵੱਡੀ ਕਰਾਮਾਤ ਨੀਚਾਂ ਨੂੰ ਊਚ ਕਰਨਾ?



ਇੱਕ ਓਅੰਕਾਰ ਦਾ ਉਪਦੇਸ਼ ਦੇ ਕੇ, ਬਾਬੇ ਨਾਨਕ ਨੇ ਮੰਨੂੰ ਵਰਗੇ ਮੁਤੱਸਬੀ ਪੁਜਰੀ ਬਾਮਣਾਂ ਅਤੇ ਮੁਲਾਣਿਆਂ ਵੱਲੋਂ ਦੁਰਕਾਰੇ, ਆਰਥਿਕ ਪੱਖੋਂ ਕਮਜੋਰ ਲੋਗਾਂ, ਜਿਨ੍ਹਾਂ ਨੂੰ ਇਹ ਨੀਚ ਬਣਾ ਜਲੀਲ ਕਰਦੇ, ਬਰਾਬਰ ਸਤਿਕਾਰਦੇ ਹੋਏ, ਫੁਰਮਾਨ ਜਾਰੀ ਕੀਤਾ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਜੀ ਨੂੰ ਆਪਣਾ ਭਾਈ ਬਣਾ ਨਿਵਾਜਿਆ। ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਣੀ ਅਤੇ ਉੱਚਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾਉਣੇ ਇਸੇ ਕੜੀ ਦਾ ਹਿੱਸਾ ਹਨ। ਧਾਰਮਿਕ ਕਠੜਵਾਦ ਤੋਂ ਉੱਪਰ ਉੱਠ, ਮੰਦਰਾਂ, ਮਸਜਦਾਂ ਅਤੇ ਜੋਗੀ ਮੱਠਾਂ, ਹਿੰਦੂ ਤੀਰਥਾਂ ਅਤੇ ਮੁਸਲਮਾਨਾਂ ਦੇ ਮੱਕੇ ਆਦਿਕ ਧਰਮ ਅਸਥਾਨਾਂ 'ਤੇ ਜਾ ਕੇ ਦ੍ਰਿੜਤਾ ਨਾਲ ਕਹਿਣਾ ਹਿੰਦੂ-ਮੁਸਲਮਾਨ ਆਦਿਕ ਵਾਲੇ ਝਗੜੇ ਛੱਡੋ, ਅਸੀਂ ਸਾਰੇ ਇਨਸਾਨ ਹਾਂ। ਗੁਰੂ ਨਾਨਕ ਦੇ ਪੰਜਵੇਂ ਜਾਂਨਸ਼ੀਨ ਗੁਰੂ ਅਰਜਨ ਸਾਹਿਬ ਨੇ ਵੀ ਇਸ ਦੀ ਪ੍ਰੋੜਤਾ ਕਰਦੇ ਫੁਰਮਾਇਆ-ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥ (1136) ਉਪ੍ਰੋਕਤ ਸਭ ਨੂੰ ਸਭ ਥਾਂਵਾਂ ਤੇ ਜਾ ਕੇ ਸਾਂਝਾ ਉਪਦੇਸ਼ ਦਿੱਤਾ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਸਾਡਾ ਸਭ ਦਾ ਮਾਤਾ ਪਿਤਾ ਇੱਕ ਤੇ ਅਸੀਂ ਸਾਰੇ ਉਸੇ ਦੇ ਪੈਦਾ ਕੀਤੇ ਬੱਚੇ ਬੱਚੀਆਂ ਹਾਂ।

ਆਓ ਅਖੌਤੀ ਜਾਤ-ਪਾਤ ਊਚ ਨੀਚ ਬਾਰੇ ਗੁਰੂ ਬਾਬਾ ਨਾਨਕ ਦੇ ਜਾਂਨਸ਼ੀਨਾਂ ਅਤੇ ਰੱਬੀ ਭਗਤਾਂ ਦੇ ਉਪਦੇਸ਼ ਵੀ ਵੀਚਾਰੀਏ। ਇਸ ਜਾਤਿ-ਪਾਤਿ ਤੇ ਵਰਣ-ਵੰਡ ਦਾ ਭਰਵਾਂ ਖੰਡਣ ਭਾਵੇਂ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਭਗਤਾਂ ਅਤੇ ਸੂਫੀ ਫਕੀਰਾਂ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਬੜੀ ਤਨਦੇਹੀ ਨਾਲ ਕਰਦੇ ਹੋਏ ਕਿਹਾ ਕਿ-ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ਏਕੁ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯) ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ(੩੨੪) ਭਾਵ ਜੇ ਤੂੰ ਉਚ ਜਾਤੀ ਸੀ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਸੀ ਤਾਂ ਜਿਸ ਰਸਤੇ ਔਰਤ ਹੋਰਨਾਂ ਨੂੰ ਜਨਮ ਦਿੰਦੀ ਹੈ ਤੂੰ ਉਸ ਰਸਤੇ ਕਿਉਂ ਪੈਦਾ ਹੋਇਆ? ਤੇਰਾ ਪੈਦਾ ਹੋਣ ਦਾ ਰਸਤਾ ਵੀ ਹੋਰ ਹੋਣਾ ਚਾਹੀਦਾ ਸੀ।ਸਾਡੇ ਵਿੱਚ ਕਿਵੇਂ ਲਹੂ ਤੇ ਤੇਰੇ ਵਿੱਚ ਦੁੱਧ ਹੈ? ਭਾਵ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਅੰਦਰ ਖੂਨ ਲਾਲ ਰੰਗ ਦਾ ਹੀ ਹੈ ਜੋ ਤੇਰੇ ਵਿੱਚ ਤੇ ਸਾਡੇ ਵਿੱਚ ਵੀ ਲਾਲ ਹੈ ਫਿਰ ਤੂੰ ਬ੍ਰਾਹਮਣ ਤੇ ਅਸੀਂ ਸ਼ੂਦਰ ਕਿਵੇਂ ਹੋਏ? ਸਾਡੇ ਵਿੱਚ ਤਾਂ ਬ੍ਰਹਮ ਦੀ ਵਿਚਾਰ ਕਰਨ ਵਾਲਾ ਹੀ ਬ੍ਰਾਮਣ ਮੰਨਿਆਂ ਜਾਂਦਾ ਹੈ। ਇਉਂ ਭਗਤਾਂ ਨੇ ਜਾਤਿ-ਪਾਤਿ ਵਿਰੁੱਧ ਪ੍ਰਚਾਰ ਕੀਤਾ ਪਰ ਬੋਲ ਬਾਲਾ ਬ੍ਰਾਹਮਣ ਦਾ ਹੋਣ ਕਰਕੇ ਅਤੇ ਬ੍ਰਾਹਮਣ ਮੁਗਲੀਆ ਹਕੂਮਤ ਦਾ ਝੋਲੀ ਚੁੱਕ ਹੋਣ ਕਰਕੇ ਵਕਤੀਆ ਹਕੂਮਤ ਦੇ ਕੰਨ ਇਨ੍ਹਾਂ ਕ੍ਰਾਂਤੀਕਾਰੀ ਭਗਤਾਂ ਵਿਰੁੱਧ ਭਰੇ ਕਿ ਇਹ ਲੋਕ ਹਕੂਮਤ ਲਈ ਖਤਰਾ ਹਨ ਇਨ੍ਹਾਂ ਦੀ ਬੁਲੰਦ ਅਵਾਜ਼ ਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਇਵੇਂ ਹਕੂਮਤ ਕੋਲੋਂ ਸੱਚ ਦੇ ਮੁਤਲਾਸ਼ੀਆਂ ਨੂੰ ਤਸੀਹੇ ਵੀ ਦਵਾਏ। ਇਨ੍ਹਾਂ ਦੇ ਇਤਿਹਾਸ ਵਿੱਚ ਵੀ ਰਲਾ ਪਾ ਦਿੱਤਾ ਗਿਆ ਅਗਰ ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਰਚਨਾ ਨਾਂ ਸੰਭਾਲਦੇ ਤਾਂ ਉਹ ਵੀ ਇਨ੍ਹਾਂ ਜਾਤਿ ਅਭਿਮਾਨੀਆਂ ਨੇ ਰੱਦੂ-ਬੱਦੂ ਕਰ ਦੇਣੀ ਸੀ ਜੋ ਬਾਬੇ ਨਾਨਕ ਨੇ ਪੋਥੀ ਸਾਹਿਬ ਵਿੱਚ ਸੰਭਾਲ ਲਈ ਅਤੇ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ।



ਅਵਤਾਰ ਸਿੰਘ ਮਿਸ਼ਨਰੀ
510-432-5827

ਕੀ ਸਾਡੇ ਪ੍ਰਮਾਤਮਾਂ ਵੀ ਵੱਖਰੇ-ਵੱਖਰੇ ਹਨ? ਕੀ ਊਚ-ਨੀਚ, ਜਾਤਾਂ-ਪਾਤਾਂ ਨੂੰ ਮੰਨਣ ਵਾਲੇ ਪ੍ਰਮਾਤਮਾਂ ਦੀ ਜਾਤਿ ਦੱਸ ਸਕਦੇ ਹਨ? ਜੇ ਨਹੀਂ ਤਾਂ ਪ੍ਰਮਾਤਮਾਂ ਦੀ ਪੈਦਾ ਕੀਤੀ ਮਨੁੱਖਾ ਜਾਤਿ (ਇਨਸਾਨੀਅਤ) ਨੂੰ ਵਰਣ-ਵੰਡ ਵਿੱਚ ਵੰਡ ਕੇ ਕਿਉਂ ਮਨੁੱਖਤਾ ਦੀਆਂ ਵੰਡੀਆਂ ਪਾਈ ਜਾ ਰਹੇ ਹਨ? ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ-ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥ ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥(੧੧੨੭) ਹੇ ਮੂਰਖ ਗਵਾਰ ਤੂੰ ਉੱਚੀ ਜਾਤਿ ਦਾ ਹੰਕਾਰ ਕਿਉਂ ਕਰਦਾ ਹੈਂ ਜੋ ਬਹੁਤੇ ਵਿਕਾਰਾਂ ਨੂੰ ਪੈਦਾ ਕਰਦਾ ਹੈ। ਜਾਤੀ ਦੈ ਕਿਆ ਹਥਿ ਸਚਿ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥(੧੪੨) ਗੁਰੂ ਜੀ ਦੋ ਟੂਕ ਫੈਸਲਾ ਕਰਦੇ ਹਨ ਕਿ ਉੱਚੀ ਜਾਤਿ ਵਾਲੇ ਦੇ ਹੱਥ ਵਿੱਚ ਜੇ ਜ਼ਹਿਰ ਹੈ ਤਾਂ ਚੱਖਣ ਤੇ ਉਹ ਮਰੇਗਾ ਹੀ ਇਹ ਨਹੀ ਕਿ ਉੱਚੀ ਜਾਤਿ ਉਸ ਨੂੰ ਬਚਾ ਲਵੇਗੀ।

ਸਾਰੀ ਮਨੁੱਖਤਾ ਵਿੱਚ ਰੱਬ ਦੀ ਹੀ ਜੋਤਿ ਹੈ ਜੋ ਇਨਸਾਨੀ ਏਕਤਾ ਦਾ ਅਕੱਟ ਸਬੂਤ ਦੇ ਰਹੀ ਹੈ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਪ੍ਰਭੂ ਨੂੰ ਭੁਲਣ ਵਾਲਾ ਹੀ ਕਮਜਾਤਿ ਹੈ ਅਤੇ ਨਾਮ ਵਿਹੂਣਾ ਹੀ ਨੀਵੀਂ ਜਾਤਿ ਵਾਲਾ ਹੈ-ਖਸਮ ਵਿਸਾਰਹਿ ਤੇ ਕਮਜਾਤਿ॥ਨਾਨਕ ਨਾਵੈ ਬਾਝੁ ਸਨਾਤਿ॥(੩੪੯) ਗੁਰੂ ਰਾਮਦਾਸ ਜੀ ਨੇ ਉਨ੍ਹਾਂ ਭਗਤਾਂ ਦਾ ਜਿਕਰ ਕੀਤਾ ਜਿਨ੍ਹਾਂ ਨੂੰ ਜਾਤਿ ਅਭਿਮਾਨੀ ਬ੍ਰਾਹਮਣ ਆਦਿਕ ਨੀਚ ਜਾਤਿ ਕਹਿ ਕੇ ਦੁਰਕਾਰਦੇ ਅਤੇ ਉਨ੍ਹਾਂ ਦਾ ਪ੍ਰਛਾਵਾਂ ਤੱਕ ਲੈਣਾ ਮਾੜਾ ਸਮਝਦੇ ਸਨ। ਉਹ ਰੱਬ ਦਾ ਨਾਮ ਜਪ ਕੇ ਅਤੇ ਚੰਗੇ ਕਰਮ ਕਰਕੇ ਉੱਚੇ-ਸੁੱਚੇ ਹੋ ਗਏ, ਲੋਕ ਉਨ੍ਹਾਂ ਦੀ ਸੇਵਾ ਅਤੇ ਸੰਗਤਿ ਕਰਨ ਲੱਗ ਪਏ, ਰੱਬ ਨੇ ਉਨ੍ਹਾਂ ਦੀ ਕੋਈ ਨੀਵੀ ਜਾਤਿ ਨਾ ਦੇਖੀ ਸਗੋਂ ਉਨ੍ਹਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਪਿਆਰ ਕੀਤਾ-ਨੀਚ ਜਾਤਿ ਹਰਿ ਜਪਦਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥(੭੩੩) ਸੋ ਭਗਤਾਂ ਤੇ ਗੁਰੂ ਸਾਹਿਬਾਨਾਂ ਜਾਤਿ-ਪਾਤਿ ਤੇ ਵਰਣ-ਵੰਡ ਦੀ ਛੂਆ-ਛਾਤ ਨੂੰ ਉਕਾ ਹੀ ਕਬੂਲ ਨਾ ਕਰਦਿਆਂ ਹੋਇਆਂ ਸਾਂਝੀਆਂ ਸੰਗਤਾਂ ਤੇ ਪੰਗਤਾਂ ਕਾਇਮ ਕੀਤੀਆਂ, ਇੱਕ ਥਾਂ ਰਲ ਕੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਏ, ਸਰਬਸਾਂਝੇ ਧਰਮ ਅਸਥਾਂਨ ਬਣਾਏ ਤੇ ਕਿਹਾ-ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ॥(੯੭)

ਅੱਜ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂ ਜਾਤਿ-ਪਾਤਿ ਦੇ ਜਾਲ ਵਿੱਚ ਫਸ ਕੇ ਬਾਕੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ ਜਿਵੇਂ ਬੇਦੀ-ਸੋਢੀ ਅਜੀ ਅਸੀਂ ਗੁਰੂ ਨਾਨਕ ਦੀ ਕੁਲ ਵਿੱਚੋਂ ਹਾਂ, ਅਸੀਂ ਸੋਢੀ ਕੁਲ ਦੇ ਹਾਂ, ਅਸੀਂ ਭੱਲੇ ਹਾਂ ਗੁਰੂ ਕੁਲਾਂ ਪੂਜਣਯੋਗ ਹਨ।ਜਿਸ ਗੁਰੂ ਨੇ ਕਿਸੇ ਜਾਤਿ ਕੁਲ ਨੂੰ ਕੋਈ ਮਾਨਤਾ ਹੀ ਨਾ ਦਿੱਤੀ ਹੋਵੇ, ਉਹ ਪੂਜਣਯੋਗ ਕਿਵੇਂ ਹੋ ਗਈ? ਜੋ ਗੁਰੂ ਦੀ ਜਾਤਿ ਉਹ ਹੀ ਗੁਰੂ ਦੇ ਸਿੱਖ ਦੀ ਜਾਤਿ। ਕੀ ਬੇਦੀ ਤੇ ਸੋਢੀ ਹੀ ਗੁਰੂ ਕੁਲ ਵਿੱਚੋਂ ਤੇ ਬਾਕੀ ਗੁਰੂ ਤੋਂ ਵੱਖਰੇ ਹਨ? ਨਹੀਂ ਅਸੀਂ ਸਾਰੇ ਹੀ ਗੁਰੂ ਦੇ ਸਿੱਖ ਹਾਂ ਨਾ ਕਿ ਬੇਦੀਆਂ ਸੋਢੀਆਂ ਦੇ। ਅੱਜ ਅਸੀਂ ਬੜੇ ਫਕਰ ਨਾਲ ਕਹਿੰਦੇ ਹਾਂ ਇਹ ਜੱਟ ਸਿੱਖ, ਇਹ ਮਜ਼ਬੀ ਸਿੱਖ, ਓਹ ਰਵਿਦਾਸੀਆ ਸਿੱਖ, ਇਹ ਛੀਂਬਾ, ਓਹ ਨਾਈ ਸਿੱਖ ਅਤੇ ਇਹ ਰਾਮਗੜੀਏ ਸਿੱਖ, ਅਸੀਂ ਨਾਮਧਾਰੀ ਸਿੱਖ ਹਾਂ। ਜਿਵੇਂ ਬ੍ਰਾਹਮਣ ਸ਼ੂਦਰਾਂ ਤੋਂ ਨਫਰਤ ਕਰਦਾ ਸੀ ਇਵੇਂ ਹੀ ਅਸੀਂ ਅੱਜ ਇੱਕ ਦੂਜੇ ਤੋਂ ਕਰ ਰਹੇ ਹਾਂ ਇਸਦਾ ਪ੍ਰਤੱਖ ਸਬੂਤ ਅਸੀਂ ਧਰਮ ਅਸਥਾਨ ਵੀ ਵੱਖਰੀਆਂ-ਵੱਖਰੀਆਂ ਜਾਤਾਂ ਬਰਦਰੀਆਂ ਦੇ ਨਾਮ ਤੇ ਬਣਾਏ ਹੋਏ ਹਨ। ਲੜਕੇ ਲੜਕੀ ਦਾ ਰਿਸ਼ਤਾ ਕਰਨ ਵੇਲੇ ਸੌ ਜਾਤਿ ਬਰਾਦਰੀ ਪੁੱਛਦੇ ਹਾਂ ਇਥੋਂ ਤੱਕ ਕਿ ਸਿੱਖੀ ਧਾਰਨ ਕਰਕੇ ਵੀ, ਸਾਡੀ ਜਾਤਿ-ਪਾਤਿ ਵਾਲੀ ਨਫਰਤ ਨਹੀਂ ਜਾਂਦੀ, ਕਿਉਂ?

ਖਾਸ ਕਰਕੇ ਸਿੱਖਾਂ ਵਿੱਚ ਜੱਟ ਬਰਾਦਰੀ ਵਿੱਚ ਜਾਤਿ-ਪਾਤਿ ਸਿਖਰਾਂ 'ਤੇ ਹੈ। ਪਹਿਲੀ ਤਾਂ ਗੱਲ ਜੱਟ ਕਹੀਆਂ ਜਾਂਦੀਆਂ ਨੀਵੀਆਂ ਜਾਂ ਦਲਿਤ ਜਾਤਾਂ ਵਿੱਚ ਰਿਸ਼ਤੇ-ਨਾਤੇ ਕਰਦੇ ਹੀ ਨਹੀਂ, ਜੇ ਕਿਸੇ ਅਤਿ ਮਜਬੂਰੀ ਕਾਰਨ ਕਰਨਾ ਹੀ ਪੈ ਜਾਵੇ ਤਾਂ ਲੜਕੀ ਦਾ ਕਦੇ ਨਹੀਂ ਕਰਗੇ, ਲੜਕਾ ਭਾਵੇਂ ਬਾਗੀ ਹੋ ਕੇ ਕਰ ਲਵੇ। ਜੱਟਾਂ ਦੇ ਪਿੰਡਾਂ ਵਿੱਚ ਵੀ ਦਲਿਤਾਂ ਭਾਵ ਮੰਨੀਆਂ ਗਈਆਂ ਨੀਵੀਆਂ ਜਾਤਾਂ ਦੀਆਂ ਬਸਤੀਆਂ ਵੱਖਰੀਆਂ ਰੱਖੀਆਂ ਜਾਂਦੀਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਕਮੀਨ-ਕਾਂਦੂ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜੋ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਆਖਦੇ ਹਨ, ਖੰਡੇ ਦੀ ਪਹੁਲ ਦਲਿਤਾਂ ਨੂੰ ਚੌਥੇ ਪੌੜੀਏ ਕਹਿ, ਅਲੱਗ ਬਾਟੇ ਵਿੱਚ ਦਿੰਦੇ ਨੇ, ਬਾਣਾ ਸਿੰਘਾਂ ਦਾ ਕਰਮ-ਕਰਤੂਤ ਜਾਤਿ ਅਭਿਮਾਨੀ ਬ੍ਰਾਹਮਣਾਂ ਵਾਲੀ। ਉੱਤੋਂ-ਉੱਤੋਂ ਸਾਡੇ ਬਹੁਤੇ ਪ੍ਰਚਾਰਕ ਤੇ ਪ੍ਰਬੰਧਕ ਸਟੇਜਾਂ 'ਤੇ ਜਰੂਰ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਦਾ ਹੋਕਾ ਦਿੰਦੇ ਹਾਨ ਪਰ ਪ੍ਰੈਕਟੀਕਲ ਰੂਪ ਵਿੱਚ ਗੁਰੂ ਦਾ ਹੁਕਮ ਮੰਨ, ਜਾਤਿ-ਪਾਤਿ ਦੇ ਕੋਹੜ ਨੂੰ ਛੱਡਦੇ ਨਹੀਂ। ਹਾਂ ਜੇ ਕਿਤੇ ਕੋਈ ਲੜਕੀ ਲੜਕਾ ਜਾਤਿ ਬਰਾਦਰੀ ਤੋਂ ਉੱਪਰ ਉੱਠ ਕੇ ਗੁਣਾਂ ਅਤੇ ਪ੍ਰੇਮ ਦੇ ਅਧਾਰ ਤੇ ਰਿਸ਼ਤਾ ਕਰ ਵੀ ਲੈਂਦਾ ਹੈ ਤਾਂ ਅਸੀਂ ਮਾਂ-ਬਾਪ ਉਸ ਨੂੰ ਕਬੂਲ ਹੀ ਨਹੀਂ ਕਰਦੇ ਸਗੋਂ ਲੜਕੇ ਲੜਕੀ ਨੂੰ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਕਿਉਂ? ਪ੍ਰਚੱਲਤ ਕਹਾਵਤ ਅਨੁਸਾਰ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ" ਭਾਵ ਕਹਿੰਦੇ ਕੁਛ ਤੇ ਕਰਦੇ ਕੁਛ ਹੋਰ ਹਾਂ। ਉੱਤੋਂ-ਉੱਤੋਂ ਗੁਰੂ ਨੂੰ ਮੱਥਾ ਵੀ ਟੇਕਦੇ, ਪੂਜਾ-ਪਾਠ ਵੀ ਕਰਦੇ, ਗੁਰੂ ਵਾਲੇ ਅੰਮ੍ਰਿਤਧਾਰੀ ਵੀ ਅਖਵਾਉਂਦੇ ਹਾਂ ਪਰ ਗੱਲ ਬਾਮਣ ਗੁਰੂ ਦੀ ਮੰਨਦੇ ਹਾਂ ਪਰ-ਕਬੀਰ ਬਾਮਨੁ ਗੂਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥ਅਰਝ ਉਰਝ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਜਾਤਾਂ ਪਾਤਾਂ ਨੂੰ ਮੰਨਣ ਤੇ ਧਾਰਨ ਵਾਲਿਓ ਦੱਸੋ ਅਸੀਂ ਬਾਮਣ ਦੇ ਸਿੱਖ ਹਾਂ ਜਾਂ ਗੁਰੂ ਦੇ? ਜੋ ਗੁਰੂ ਦਾ ਹੁਕਮ ਹੀ ਨਹੀਂ ਮੰਨਦਾ ਉਹ ਗੁਰੂ ਦਾ ਸਿੱਖ ਕਿਵੇਂ ਹੋ ਸਕਦਾ ਹੈ? ਅੱਜ ਹੁਕਮ ਅਸੀਂ ਗੁਰੂ ਨੁਮਾਂ ਭੇਖੀ ਸਾਧਾਂ-ਸੰਤਾਂ, ਅਖਾਉਤੀ ਜਥੇਦਾਰਾਂ, ਆਪੋ ਆਪਣੀਆਂ ਜਾਤੀ ਪਾਰਟੀਆਂ ਦਾ ਮੰਨਦੇ ਹਾਂ, ਗੁਰੂ ਨੂੰ ਤਾਂ ਐਵੇਂ ਲੋਕ ਦਿਖਾਵੇ ਖਾਤਿਰ ਸੀਸ ਨਿਵਾਉਂਦੇ ਹਾਂ-ਸੀਸ ਨਿਵਾਇਐ ਕਿਆ ਥੀਐ ਜਾਂ ਰਿਦੈ ਕਸੁਧੇ ਜਾਹਿ॥(੪੭੦) ਗੁਰੂ ਹੁਕਮ ਨਾਂ ਮੰਨਣਾ ਲੋਕ ਦਿਖਾਵਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਤਰਾਂ ਦਾ ਲਿਖਾਰੀ ਇਕੱਲਾ ਲਿਖ ਹੀ ਨਹੀਂ ਰਿਹਾ ਪ੍ਰੈਕਟੀਕਲ ਰੂਪ ਵਿੱਚ ਵੀ ਜਾਤਿ-ਪਾਤਿ ਦੇ ਕੋਹੜ ਨੂੰ ਛੱਡ ਚੁੱਕਾ ਅਤੇ ਕਰਤਾਰ ਪਾਸ ਅਰਦਾਸ ਕਰਦਾ ਹੈ ਕਿ ਉਹ ਜਾਤਿ ਅਭਿਮਾਨੀਆਂ ਨੂੰ ਵੀ ਸੁਮਤਿ ਬਖਸ਼ੇ! ਜੋ ਊਚ-ਨੀਚ ਦੇ ਕੋਹੜ ਨੂੰ ਸਦਾ ਲਈ ਗੁਰੂ ਦਾ ਹੁਕਮ ਮੰਨਦੇ ਹੋਏ ਤਿਆਗ ਦੇਣ।

ਇਉਂ ਬਾਬੇ ਨਾਨਕ, ਉਨ੍ਹਾਂ ਦੇ ਜਾਨੀਸ਼ਨਾਂ ਅਤੇ ਰੱਬੀ ਭਗਤਾਂ ਨੇ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ, ਸਭ ਨੂੰ ਇੱਕ ਪਿਤਾ ਦੇ ਬੱਚੇ-ਬੱਚੀਆਂ ਦਰਸਾਉਂਦੇ ਹੋਏ, ਨੀਚਾਂ ਨੂੰ ਆਪਣਾ ਭਾਈ ਬਣਾ, ਊਚ ਕਰ ਦਿੱਤਾ। ਸਾਰੇ ਇੱਕ ਥਾਂ ਖਾ ਪੀ, ਸੰਗਤ ਵਿੱਚ ਬਾਣੀ ਪੜ੍ਹ ਵਿਚਾਰ ਅਤੇ ਕੰਮ ਕਰ ਸਕਦੇ ਹਨ।

ਇਸ ਲਈ ਸੰਗਤ-ਪੰਗਤ-ਲੰਗਰ, ਸਰਬਸ਼ਾਂਝੀਆਂ ਧਰਮਸ਼ਾਲਾਵਾਂ ਅਤੇ ਸਰਾਵਾਂ ਬਣਵਾਈਆਂ, ਸਰੋਵਰ, ਬੌਲੀਆਂ, ਅਤੇ ਖੂਹ ਲਗਵਾਏ ਜਿੱਥੇ ਸਾਰੇ ਨਹਾ ਅਤੇ ਪਾਣੀ ਪੀ ਸਕਦੇ ਸਨ।

ਅੱਜ ਗੁਰੂ ਬਾਬੇ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ ਤਾਂ ਹੀ ਮੁਬਾਰਕ ਹੈ ਜੇ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ, ਆਪਣੇ ਰੋਜ਼ਾਨਾਂ ਜੀਵਨ ਵਿੱਚ ਧਾਰਨ ਕਰੀਏ ਅਤੇ ਜਾਤ-ਪਾਤ, ਊਚ-ਨੀਚ ਵਾਲੇ ਨਫਰਤੀ ਕੋਹੜ ਨੂੰ ਆਪਣੀ ਮਾਨਸਿਕਤਾ ਤੋਂ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟ ਕੇ ਲਾਹ ਸੁੱਟੀਏ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ















**ਫਰੀਮਾਂਟ (ਬਿਊਰੋ)–** 20 ਅਕਤੂਬਰ ਨੂੰ ਗੋਲਡਨ ਇੰਡੀਆ ਕੁਜ਼ੀਨ, ਫਰੀਮਾਂਟ ਕੈਲੀਫੋਰਨੀਆ ਵਿਖੇ ਵਿਪਸਾ ਵਲੋਂ ਕਰਾਈ ਗਈ 'ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ' ਵਿਚ ਵਿਪਸਾ ਵਲੋਂ ਸੰਪਾਦਿਤ ਪੁਸਤਕ ਦਾ ਮਹੱਤਵਪੂਰਨ ਸੈਸ਼ਨ 2,'ਅਮਰੀਕੀ ਪੰਜਾਬੀ ਕਵਿਤਾ,' ਭਾਗ ਦੂਜਾ, ਦਾ ਵਿਮੋਚਨ, ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਦੇ ਸੰਬੋਧਨ ਨਾਲ ਆਰੰਭ ਹੋਇਆ।ਉਹਨਾਂ ਨੇ ਕਾਨਫਰੰਸ ਦੇ ਮੁੱਖ ਮਹਿਮਾਨ ਪ੍ਰੋ. ਸੁਖਦੇਵ ਸਿੰਘ ਖਾਹਰਾ( ਗ.ਨ.ਦ.ਯ) ਨੂੰ ਪ੍ਰਧਾਨਗੀ ਮੰਡਲ ਦੀ ਸ਼ੋਭਾ ਵਧਾਉਣ ਲਈ ਸੱਦਾ ਦਿੱਤਾ। ਭਾਰਤ ਤੋਂ ਆਮੰਤ੍ਰਿਤ ਸ਼ਾਇਰ ਮੱਖਣ ਮਾਨ ਨੂੰ ਬੈਠਕ ਦੀ ਪ੍ਰਧਾਨਗੀ ਸੌਂਪੀ ਗਈ ਅਤੇ ਸੁਰਿੰਦਰ ਸੀਰਤ ਨੂੰ ਅਕੈਡਮੀ ਦੇ ਪ੍ਰਧਾਨ ਹੋਣ ਵਜੋਂ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਕਰਨ ਉਪਰੰਤ ਵਿਪਸਾ ਦੇ ਮੁੱਖ ਸਪਾਂਸਰ ਡਾ ਸਰਬਜੀਤ ਸਿੰਘ ਹੁੰਦਲ ਅਤੇ ਸ. ਗੁਰਦੀਪ ਸਿੰਘ ਸੇਖੋਂ ਨੂੰ ਪ੍ਰਧਾਨਗੀ ਮੰਡਲ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਬਿਰਾਜਮਾਨ ਹੋਣ ਲਈ ਬੇਨਤੀ ਕੀਤੀ। ਇਸ ਸੈਸ਼ਨ ਦੇ ਆਰੰਭ ਵਿਚ ਅਕੈਡਮੀ ਦੀ ਸਾਹਿਤ ਸਕੱਤਰ ਗੁਲਸ਼ਨ ਦਿਆਲ ਵਲੋਂ ਅਕੈਡਮੀ ਦੀ ਵਾਰਸ਼ਿਕ ਰਿਪੋਰਟ ਬੜੇ ਠਰੰਮੇ ਨਾਲ ਪੜ੍ਹੀ ਗਈ। ਉਪਰੰਤ ਸੁਰਿੰਦਰ ਸੀਰਤ ਨੇ ਕੁੰਜੀਵਤ ਭਾਸ਼ਣ ਵਿਚ ਕਾਨਫਰੰਸ ਦੀਆਂ ਇਸ ਵਰ੍ਹੇ ਅਤੇ ਭਵਿੱਖ ਵਿਚ ਨੇਪਰੇ ਚਾੜ੍ਹਨ ਵਾਲੀਆਂ ਗਤੀਵਿਧੀਆਂ ਦੀ ਗੱਲ ਕੀਤੀ।ਇਸ ਬੈਠਕ ਦੀ ਵਿਸ਼ੇਸ਼ਤਾ ਇਸ ਵਿਚ ਨਿਹੱਤ ਰਹੀ ਕਿ ਪ੍ਰੋ. ਸੁਖਦੇਵ ਸਿੰਘ ਖਾਹਰਾ ਨੇ 'ਅਮਰੀਕੀ ਪੰਜਾਬੀ ਕਵਿਤਾ' ਵਿਚ ਸ਼ਾਮਿਲ ਕੀਤੇ ਗਏ 59 ਅਮਰੀਕੀ ਸ਼ਾਇਰਾਂ ਦੀ ਕਾਵਿ- ਸੂਖਮਤਾ ਅਤੇ ਕਾਵਿ-ਬੋਧ ਉੱਪਰ ਇਕ ਸਰਵੇਖਣ ਵਜੋਂ ਆਪਣੇ ਵਿਚਾਰ ਰੱਖੇ।'ਅਮਰੀਕੀ ਪੰਜਾਬੀ ਕਵਿਤਾ' ਵਿਚ ਹਾਜ਼ਿਰ ਤਿੰਨ ਪਿੜਾਂ ਦਾ ਜ਼ਿਕਰ ਕਰਦੇ ਹੋਏ ਉਹਨਾਂ ਨੇ ਪਹਿਲੀ ਸਫ ਵਿਚ ਉਹਨਾਂ ਸ਼ਾਇਰਾਂ ਨੂੰ ਲਿਆ ਜੋ ਪ੍ਰੋੜ ਅਤੇ ਸਥਾਪਿਤ ਸ਼ਾਇਰ ਹਨ।ਦੂਜੀ ਪਿੜ ਵਿਚ ਉਹਨਾਂ ਸ਼ਾਇਰਾਂ ਪ੍ਰਤੀ ਗੱਲ ਕੀਤੀ ਜੋ ਬੜੀ ਤੇਜ਼ੀ ਨਾਲ ਸਥਾਪਤੀ ਵਲ ਵੱਧ ਰਹੇ ਹਨ ਅਤੇ ਤੀਜੇ ਪਿੜ ਵਿਚ ਉਹਨਾਂ ਸ਼ਾਇਰਾਂ ਵਲ ਸੰਕੇਤ ਕੀਤਾ ਜੋ ਸ਼ਬਦ, ਸ਼ਾਇਰੀ ਅਤੇ ਸਾਮਗਰਿਕ ਦੇਣ ਪ੍ਰਤੀ ਜਾਗਰੂਕ ਹੁੰਦੇ ਜਾ ਰਹੇ ਪਰਤੀਤ ਹੁੰਦੇ ਹਨ।ਇਸ ਮਗਰੋਂ, ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ ਅਤੇ ਕੁਲਵਿੰਦਰ ਵਲੋਂ ਸੰਪਾਦਿਤ ਅਤੇ ਅਕੈਡਮੀ ਵਲੋਂ ਪ੍ਰਕਾਸ਼ਿਤ ਪੁਸਤਕ, 'ਅਮਰੀਕੀ ਪੰਜਾਬੀ ਕਵਿਤਾ'-ਭਾਗ ਦੂਜਾ ਨੂੰ ਲੋਕ-ਅਰਪਿਤ ਕੀਤਾ ਗਿਆ।ਵਿਪਸਾ ਦੀ ਅਜਿਹੀ ਮੁੱਲਵਾਨ ਪ੍ਰਾਪਤੀ ਲਈ ਬੈਠਕ ਦੇ ਪ੍ਰਧਾਨ ਮੱਖਣ ਮਾਨ ਦੇ ਆਪਣੇ ਸੰਬੋਧਨ ਵਿਚ ਜਿੱਥੇ ਵਿਪਸਾ ਨੂੰ ਵਧਾਈ ਦਿੱਤੀ ਉੱਥੇ ਹੀ ਇਕ ਸ਼ਾਨਦਾਰ ਸੈਸ਼ਨ ਹੋ ਨਿਬੜਨ ਦੀ ਸ਼ਲਾਘਾ ਕੀਤੀ।ਇਸ ਮਗਰੋਂ ਅਕੈਡਮੀ ਦੇ ਆਰਗਨਾਇਜ਼ਰ ਹਰਭਜਨ ਸਿੰਘ ਢਿੱਲੋਂ ਦੀ ਨਵੀਂ ਪ੍ਰਕਾਸ਼ਿਤ ਕਾਵਿ ਪੁਸਤਕ, 'ਸੁਲਘਦੀ ਅੱਗ' ਦਾ ਵਿਮੋਚਨ ਕੀਤਾ ਗਿਆ ਅਤੇ ਨਾਲ ਹੀ ਉਹਨਾਂ ਨੂੰ ਵਿਪਸਾ ਵਲੋਂ , ਰਸਮ ਅਨੁਸਾਰ ਸਨਮਾਨ ਪੱਤਰ ਭੇਂਟ ਕੀਤਾ ਗਿਆ।ਇਸ ਸੈਸ਼ਨ ਦੀ ਪ੍ਰਾਪਤੀ ਇਸ ਵਿਚ ਵੀ ਨਿਹੱਤ ਰਹੀ ਕਿ ਸ਼ਾਇਰ ਮੱਖਣ ਮਾਨ ਦੀ ਪਲੇਠੀ ਕਾਵਿ ਪੁਸਤਕ,'ਬਿਰਸਾ ਮੁੰਡਾ ਦਾ ਪੁਨਰ ਜਨਮ' ਦਾ ਲੋਕ ਅਰਪਣ ਕੀਤਾ ਗਿਆ। ਦੂਜੇ ਸੈਸ਼ਨ ਦੀ ਸਮਾਪਤੀ ਮਗਰੋਂ ਗੋਲਡਨ ਇੰਡੀਆ ਡਾਇਨਿੰਗ ਐਂਡ ਬੈਂਕਵਿਟ ਦੇ ਉੱਦਮ ਨਾਲ ਸਵਾਦਿਸ਼ਟ ਭੋਜਨ ਦਾ ਆਨੰਦ ਮਾਣਿਆ ਗਿਆ। ਤਕਰੀਬਨ ਇਕ ਘੰਟੇ ਦੇ ਅੰਤਰਾਲ ਨਾਲ ਕਾਨਫਰੰਸ ਦਾ ਅਗਲਾ, 'ਮਿੰਨੀ ਕਹਾਣੀ ਗੋਸ਼ਟੀ' ਸੈਸ਼ਨ ਦਾ ਆਯੋਜਨ ਸਿਰੇ ਚਾੜ੍ਹਿਆ ਗਿਆ।ਇਸ ਸੈਸ਼ਨ ਦੀ ਪ੍ਰਧਾਨਗੀ ਅਕੈਡਮੀ ਦੇ ਸਾਬਕਾ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਕੀਤੀ। ਡਾ. ਖਾਹਰਾ , ਪ੍ਰਿੰਸੀਪਲ ਵੀਰ ਸਿੰਘ ਰੰਧਾਵਾ ਅਤੇ ਪਸਸਕ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਹੋਏ। ਇਸ ਦਾ ਆਰੰਭ, ਪ੍ਰਿੰ ਹਰਨੇਕ ਸਿੰਘ ਦੀਆਂ ਦੋ ਮਿੰਨੀ ਕਹਾਣੀਆਂ, 'ਰਿਸ਼ਤੇਦਾਰੀ' ਅਤੇ,' ਇੱਕੋ ਰੈਂਕ' ਨਾਲ ਹੋਇਆ। ਸੁਸ਼ਕਤ ਕਹਾਣੀਕਾਰਾ ਅਮਰਜੀਤ ਪੰਨੂੰ ਨੇ ਕਹਾਣੀ, ਅਧੂਰੀਆਂ ਕਹਾਣੀਆਂ ਦੇ ਪਾਤਰ' ਦਾ ਪਾਠ ਕੀਤਾ ਅਤੇ ਉੱਭਰ ਰਹੇ ਹਸਤਾਖਰ ਹਰਜੀਤ ਖਡੂਰ ਨੇ ਮਿੰਨੀ ਕਹਾਣੀ ਪ੍ਰਸਤੁਤ ਕੀਤੀ। ਇਸ ਸੈਸ਼ਨ ਉੱਪਰ ਡਾ. ਸੁਖਦੇਵ ਖਾਹਰਾ ਨੇ ਗੱਲ ਕਰਦਿਆਂ ਇਸ ਤੱਥ ਨੂੰ ਦਰਸਾਇਆ ਕਿ ਮਿੰਨੀ ਕਹਾਣੀ ਇਕ ਪ੍ਰਤਿਭਾਸ਼ਾਲੀ ਸਾਹਿਤਕ ਕਿਰਤ ਹੈ ਜੋ ਕੁੱਜੇ ਵਿਚ ਸਮੁੰਦਰ ਸਮੇਟ ਲੈਂਦੀ ਹੈ। ਦੂਜਾ ਇਹ ਕਿ ਇਸ ਵਿਚ ਵਰਣਨ ਨਹੀਂ ਬਿਰਤਾਂਤ ਦੀ ਆਵਸ਼ਕਤਾ ਹੁੰਦੀ ਹੈ। ਅਮਰਜੀਤ ਦੀ ਕਹਾਣੀ ਪ੍ਰਤੀ ਉਹਨਾਂ ਦੇ ਵਿਚਾਰ ਸਨ, ਕਿ ਮੌਤ ਦੇ ਮਾਹੌਲ ਚੋਂ ਆਸਰੇ ਦੀ ਤਲਾਸ਼ ਕਰਨਾ ਇਕ ਚਿੰਤਨਸ਼ੀਲ ਪ੍ਰਗਟਾਅ ਹੈ ਜਿਸ ਨੂੰ ਭਾਸ਼ਾ ਅਤੇ ਇਸ ਦੀ ਸ਼ੈਲੀ ਵਿਚ ਖ਼ੂਬ ਨਿਭਾਇਆ ਗਿਆ ਹੈ। ਪ੍ਰਧਾਨਗੀ ਸੰਬੋਧਨ ਵਿਚ ਸੁਖਵਿੰਦਰ ਕੰਬੋਜ ਨੇ ਮਿੰਨੀ ਕਹਾਣੀ ਨੂੰ ਇਕ ਚੁਟਕਲਾ ਹੋਣ ਤੋਂ ਬਚਣ ਅਤੇ ਇਸ ਵਿਚ ਛਿਪੇ ਲਕਸ਼ ਨੂੰ ਸਵਾਲੀਆ ਬਣਾ ਦੇਣਾ, ਇਸ ਦੇ ਸ਼ਿਲਿਪ ਦੀ ਮੰਗ ਹੋਣੀ ਚਾਹੀਦੀ ਹੈ ਉੱਤੇ ਜ਼ੋਰ ਦਿੱਤਾ। ਅਮਰਜੀਤ ਪੰਨੂੰ ਦੀ ਕਹਾਣੀ ਨੂੰ ਉਹਨਾਂ ਨੇ ਇਕ ਸਫਲ ਅਤੇ ਬਾਮਕਸਦ ਕਹਾਣੀ ਵਜੋਂ ਤਰਜੀਹ ਦਿੱਤੀ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh



# "ਬਾਬੇ ਨਾਨਕ ਨੇ" ਗੀਤ ਸਤਨਾਮ ਮੱਟੂ ਅਤੇ ਲੱਕੀ ਦੁਰਗਾਪੁਰੀਆ ਜੋੜੀ ਦਾ ਗੀਤ 7 ਨਵੰਬਰ ਨੂੰ ਹੋਵੇਗਾ ਰਿਲੀਜ਼

**ਪਟਿਆਲਾ-** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਟਾਰ ਗਾਇਕ ਜੈਜ਼ੀ ਬੀ ਦੇ ਅਸ਼ੀਰਵਾਦ ਨਾਲ ਗਾਇਕ ਲੱਕੀ ਦੁਰਗਾਪੁਰੀਆ ਦਾ ਗੀਤ "ਬਾਬੇ ਨਾਨਕ ਨੇ 7 ਨਵੰਬਰ ਨੂੰ ਪੰਜਾਬ ਸਮੇਤ ਦੇਸ਼ ਵਿਦੇਸ਼ ਚ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਸੰਗੀਤ ਦੀਆਂ ਮਿੱਠੀਆਂ ਅਤੇ ਮਨਮੋਹਕ ਧੁਨਾਂ ਚ ਸੰਗੀਤਕਾਰ ਜੱਸੀ ਮਹਾਲ ਨੇ ਦਿੱਤੀਆਂ ਹਨ। ਸੰਗੀਤ ਦੇ ਨਾਲ ਨਾਲ ਗੁਰਬਾਣੀ ਦੇ ਅਲਾਪ ਗੀਤ ਨੂੰ ਅਸਲ ਰੂਹਾਨੀਅਤ ਪ੍ਰਦਾਨ ਕਰਦੇ ਹਨ। ਇਸ ਧਾਰਮਿਕ ਗੀਤ ਨੂੰ ਸ਼ਬਦਾਂ ਦੀ ਮਾਲਾ ਚ ਇੰਜੀ. ਸਤਨਾਮ ਸਿੰਘ ਮੱਟੂ ਬੀਬੜ੍ਹ ਵਾਲੇ ਨੇ ਪ੍ਰੋਇਆ ਹੈ।




ਇਸ ਗੀਤ ਨੂੰ ਬੋਰਨ ਕਿੰਗ ਰਿਕਾਰਡਜ਼ ਵੱਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਰਿਹਾ ਹੈ।ਇਸ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਗੀਤਕਾਰ ਸਤਨਾਮ ਸਿੰਘ ਮੱਟੂ ਨੇ ਦੱਸਿਆ ਕਿ ਸਾਂਝਾ ਵਿਰਸਾ ਰੇਡੀਓ ਕੈਨੇਡਾ ਤੋਂ ਹਰਜੀਤ ਸਿੰਘ ਜੰਜੂਆ ਨੇ ਗੀਤ ਪ੍ਰਤੀ ਬਹੁਤ ਸਹਿਯੋਗ ਕੀਤਾ ਹੈ।

ਰਿਲੀਜ਼ ਹੋਣ ਤੋਂ ਪਹਿਲਾਂ ਹੀ ਸਰੋਤਿਆਂ ਵੱਲੋਂ ਬਹੁਤ ਪਿਆਰ ਮਿਲ ਰਿਹਾ ਹੈ। ਗੀਤ ਦੀ ਤਿਆਰੀ ਲਈ ਜਨਾਬ ਹਾਕਮ ਬਖਤੜੀ ਵਾਲਾ, ਡਾ.ਦਰਸ਼ਨ ਸਿੰਘ ਆਸ਼ਟ ਸਟੇਟ ਅਵਾਰਡੀ ਅਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਪਟਿਆਲਾ, ਗਾਇਕਾ ਸੁੱਖੀ ਬਰਾੜ, ਨਰਿੰਦਰ ਦੱਤ ਸ਼ਰਮਾ ਪੀ ਆਰ ਓ ਨੇ ਭਰਪੂਰ ਸਹਿਯੋਗ ਦਿੱਤਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 1 ਤੋਂ 13 ਨਵੰਬਰ ਤੱਕ ਰੋਜ਼ਾਨਾ ਮੂਲ ਮੰਤਰ ਦਾ ਜਾਪ ਕਰਨ ਦਾ ਸੰਦੇਸ਼

**ਅੰਮ੍ਰਿਤਸਰ-** ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਮੂਹ ਸਾਧ ਸੰਗਤ ਦੇ ਨਾਂ ਜਾਰੀ ਸੰਦੇਸ਼ ਵਿਚ ਕਿਹਾ ਹੈ ਕਿ ਸਮੂਹ ਗੁਰੂ ਨਾਨਕ ਨਾਮ ਲੇਵਾ ਗੁਰੂ ਪੰਥ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸੰਸਾਰ ਭਰ ਵਿਚ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ। ਇਸ ਪ੍ਰਕਾਸ਼ ਪੁਰਬ ਦੇ ਮੁਬਾਰਕ ਮੌਕੇ 'ਗੁਰਬਾਣੀ ਗਾਵਹ ਭਾਈ' ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਲਈ ਸੰਸਾਰ ਭਰ ਵਿਚ ਵੱਸਦੇ ਸਮੁੱਚੇ ਗੁਰੂ ਪੰਥ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ 1 ਨਵੰਬਰ ਤੋਂ 13 ਨਵੰਬਰ 2019 ਤੱਕ ਰੋਜ਼ਾਨਾ ਸ਼ਾਮ 5 ਵਜੇ (ਭਾਰਤੀ ਸਮੇਂ ਅਨੁਸਾਰ) ਜਿੱਥੇ ਕਿਤੇ ਵੀ ਹੋਣ 10 ਮਿੰਟ ਲਈ ਮੂਲ ਮੰਤਰ ਦਾ ਜਾਪ ਕਰਨ।

# ਐਸ.ਜੀ.ਪੀ.ਸੀ.ਨੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ 'ਚ ਸ਼ਾਮਲ ਹੋਣ ਲਈ ਸੰਤ ਨਿਰੰਜਣ ਦਾਸ ਨੂੰ ਦਿੱਤਾ ਸੱਦਾ ਪੱਤਰ

## ਡੇਰਾ ਸੱਚਖੰਡ ਬੱਲਾਂ ਵੱਲੋਂ ਸਮਾਗਮਾਂ ਲਈ ਗੁਰੂ ਦੇ ਲੰਗਰਾਂ ਵਾਸਤੇ ਇਕ ਲੱਖ ਦਸ ਹਜ਼ਾਰ ਰੁਪਏ ਦੀ ਸੇਵਾ ਭੇਂਟ

**ਕਿਸ਼ਨਗੜ੍ਹ-** ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵਿਸ਼ਵ ਪੱਧਰ 'ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵਿਸ਼ਾਲ ਧਾਰਮਿਕ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਕਰਵਾਏ ਜਾ ਰਹੇ ਹਨ, ਜਿਸ ਵਿਚ ਸ਼ਾਮਲ ਹੋਣ ਲਈ ਸ਼੍ਰੋਮਣੀ ਕਮੇਟੀ ਦੇ ਜਥੇਦਾਰ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਅਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ (ਯੂ. ਪੀ.) ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਉਚੇਚੇ ਤੌਰ ਤੇ ਇਹਨਾਂ ਮਹਾਨ ਸਮਾਗਮਾਂ 'ਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜਿਆ ਗਿਆ ਹੈ।



ਇਹ ਸੱਦਾ ਪੱਤਰ ਦੇਣ ਲਈ ਜਥੇਦਾਰ ਰਣਜੀਤ ਸਿੰਘ ਕਾਹਲੋਂ, ਜਥੇਦਾਰ ਕੁਲਵੰਤ ਸਿੰਘ ਮੰਨਣ (ਦੋਵੇਂ ਸ਼੍ਰੋਮਣੀ ਕਮੇਟੀ ਮੈਂਬਰ), ਪ੍ਰਚਾਰਕ ਬੀਬੀ ਤਰਲੋਚਨ ਕੌਰ, ਸੀਨੀਅਰ ਅਕਾਲੀ ਨੇਤਾ ਹਲਕਾ ਕਰਤਾਰਪੁਰ ਦੇ ਇੰਚਾਰਜ ਸੇਠ ਸਤਪਾਲ ਮੱਲ (ਬੂਟਾ ਮੰਡੀ), ਹਲਕਾ ਵਿਧਾਇਕ ਆਦਮਪੁਰ ਪਵਨ ਕੁਮਾਰ ਟੀਨੂੰ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਪਰਮਜੀਤ ਸਿੰਘ ਰੇਰੂ, ਜਥੇਦਾਰ ਗੁਰਜਿੰਦਰ ਸਿੰਘ ਭਤੀਜਾ ਆਦਿ ਆਪਣੇ ਸਾਥੀਆਂ ਸਮੇਤ ਡੇਰਾ ਸੱਚਖੰਡ ਬੱਲਾਂ ਵਿਖੇ ਉਚੇਚੇ ਤੌਰ 'ਤੇ ਪਹੁੰਚੇ। ਡੇਰੇ ਵਿਚ ਪਹੁੰਚਣ 'ਤੇ ਸੰਤ ਨਿਰੰਜਣ ਦਾਸ ਜੀ ਅਤੇ ਡੇਰੇ ਦੇ ਸਮੂਹ ਸੇਵਾਦਾਰਾਂ ਤੇ ਟਰੱਸਟ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਉਹਨਾਂ ਨਾਲ ਆਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ। ਡੇਰੇ ਵੱਲੋਂ ਇਹ ਸੱਦਾ ਪੱਤਰ ਸਵੀਕਾਰ ਕਰਦੇ ਹੋਏ ਆਏ ਹੋਏ ਪਤਵੰਤੇ ਸੱਜਣਾਂ ਨੂੰ ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਮੁਬਾਰਕਬਾਦ ਦਿੱਤੀ ਗਈ। ਉਕਤ ਮਹਾਨ ਸਮਾਗਮਾਂ ਲਈ ਗੁਰੂ ਕੇ ਲੰਗਰ ਤੇ ਅਟੁੱਟ ਭੰਡਾਰਿਆਂ ਵਾਸਤੇ ਡੇਰਾ ਸੱਚਖੰਡ ਬੱਲਾਂ ਵੱਲੋਂ ਇਕ ਲੱਖ ਦਸ ਹਜ਼ਾਰ ਰੁਪਏ ਦੀ ਸੇਵਾ ਭੇਂਟ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹੰਸ ਰਾਜ ਰਾਣਾ ਸੰਤੋਖਪੁਰਾ, ਸੁਰਿੰਦਰ ਸਿੰਘ ਸ਼ਿੰਦਾ ਨਿਜ਼ਾਮਦੀਨਪੁਰ, ਅਮਰਜੀਤ ਸਿੰਘ ਕਿਸ਼ਨਪੁਰਾ, ਗਗਨਦੀਪ ਸਿੰਘ ਚੱਕਰਾਲਾ, ਰਣਦੀਪ ਸਿੰਘ ਮੰਡ, ਕੁਲਦੀਪ ਸਿੰਘ ਕਾਹਲੋਂ, ਸੁਰਜੀਤ ਸਿੰਘ ਮਰਵਾਹਾ, ਜਸਵਿੰਦਰ ਸਿੰਘ, ਸਤਨਾਮ ਸਿੰਘ, ਐਡਵੋਕੇਟ ਸਤਪਾਲ ਵਿਰਦੀ, ਸੇਵਾਦਾਰ ਹਰਦੇਵ ਦਾਸ, ਗਿਆਨੀ ਕੁਲਵੰਤ ਸਿੰਘ ਕੰਜਲਾ, ਮਾਸਟਰ ਬੀ. ਕੇ. ਮਹਿਮੀ ਆਦਿ ਹਾਜ਼ਰ ਸਨ। ਸੰਤ ਨਿਰੰਜਣ ਦਾਸ ਵੱਲੋਂ ਸੱਦਾ ਪੱਤਰ ਦੇਣ ਆਏ ਸਾਰੇ ਹੀ ਪਤਵੰਤੇ ਸੱਜਣਾਂ ਤੇ ਐਸ. ਜੀ. ਪੀ. ਸੀ. ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਵਰਲਡ ਫੈਲੋਸ਼ਿਪ ਬੁੱਧਿਸਟ ਆਰਗੇਨਾਈਜ਼ੇਸ਼ਨ ਥਾਈਲੈਂਡ ਵੱਲੋਂ ਕਠਿਨਚੀਵਰਦਾਨ ਪ੍ਰੋਗਰਾਮ ਕਰਵਾਇਆ



**ਬੈਂਕਾਕ-** ਵਰਲਡ ਫੈਲੋਸ਼ਿਪ ਬੁੱਧਿਸਟ ਆਰਗੇਨਾਈਜੇਸ਼ਨ ਥਾਈਲੈਂਡ ਵੱਲੋਂ ਕਠਿਨਚੀਵਰਦਾਨ ਦਾ ਪ੍ਰੋਗਰਾਮ 2 ਨਵੰਬਰ ਤੋਂ 4 ਨਵੰਬਰ 2019 ਤੱਕ 550 ਏਕੜ ਜ਼ਮੀਨ ਤੇ ਬਣੇ ਧਾਰਮਿਕ ਸਥਾਨ 'ਥੰਮ ਕਾਇਆ ਬੈਂਕਾਕ' ਵਿਖੇ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਸ੍ਰੀ ਹਰਬੰਸ ਵਿਰਦੀ ਫਾਊਂਡਰ ਟਰੱਸਟੀ ਪੰਜਾਬ ਬੁੱਧਿਸਟ ਸੁਸਾਇਟੀ ਇੰਗਲੈਂਡ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ ਹੈ। ਇਸ ਤੋਂ ਪਹਿਲਾਂ 32 ਫਰਵਰੀ 2016 ਵਿਚ ਸ੍ਰੀ ਹਰਬੰਸ ਵਿਰਦੀ ਨੂੰ ਥਾਈਲੈਂਡ ਦੇ ਰਾਜ ਦੇ ਗੁਰੂ ਸੰਘਰਾਜ ਨੇ 'ਆਊਟ ਸਟੈਂਡਿੰਗ ਬੁੱਧਿਸਟ ਲੀਡਰਸ਼ਿਪ' ਅਵਾਰਡ ਨਾਲ ਸਨਮਾਨਿਤ ਕੀਤਾ ਸੀ। ਯਾਦ ਰਹੇ ਕਿ ਸ੍ਰੀ ਹਰਬੰਸ ਵਿਰਦੀ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਮੁੱਖ ਸੰਸਥਾਪਕਾਂ ਵਿਚੋਂ ਇਕ ਹਨ। ਸ੍ਰੀ ਹਰਬੰਸ ਵਿਰਦੀ ਨੂੰ ਵਰਲਡ ਫੈਲੋਸ਼ਿਪ ਬੁੱਧਿਸਟ ਆਰਗੇਨਾਈਜੇਸ਼ਨ ਵੱਲੋਂ ਥਾਈਲੈਂਡ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸੱਦਣ ਲਈ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਬਹੁਤ ਖੁਸ਼ੀ ਮਨਾਈ ਗਈ ਅਤੇ ਸਮੁੱਚੇ ਬੋਧੀ ਭਾਈਚਾਰੇ ਨੂੰ ਵਧਾਈ ਦਿੱਤੀ ਗਈ।



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:

650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

**ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਸੁੱਖਾ ਸਿੰਘ ਬੈਂਸ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਗੰਨੇ ਦੇ ਰਸ ਦੇ ਲਗਾਏ ਲੰਗਰ ਦੀਆਂ ਝਲਕੀਆਂ**















TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ


ਸੁਰਿੰਦਰ ਕੋਕਾ

ੴ

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥






**ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ**


# INDIA BAZAAR




**Cell: (209)-487-2127, Ph: (209) 478-0285, Fax: (209) 477-3206**




**ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ**


# INDIA MARKET

INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ

## Inside India Market

**SACRAMENTO**
5203 EKLHORN BLVD
SACRAMENTO CA 95842
916- 338-5511

**WALK INS WELCOME**

**ROSEVILLE**
1265 PLEASANT GROVE BLVD.
# 100 ROSEVILLE, CA 95747
916- 786-7666

**Cell : 916-798-8142**
Email: IndiaMarketRoseville@gmail.com



ਬਰਿੰਦਰ ਬੈਂਗੜ

## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ

# AAA Truck Wash, Tire, and Lube ਦੇ ਮਾਲਕ ਤੀਰਥ ਸਿੰਘ ਸੋਹਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੌਰਾਨ ਲਗਾਏ ਗਏ ਲੰਗਰ ਦੀਆਂ ਝਲਕੀਆਂ













# ਸਿੱਖ ਸਿਮਰਨ ਸੇਵਾ ਸੁਸਾਇਟੀ, ਯੂਬਾ ਸਿਟੀ (ਕੈਲੇਫੋਰਨੀਆ) ਦੇ ਮੈਂਬਰ ਅਤੇ ਸੇਵਾਦਾਰ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੌਰਾਨ ਲੰਗਰ ਦੀ ਸੇਵਾ ਕਰਦੇ ਹੋਏ




















ੴ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ ੴ



ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



# ਹਰਦੀਪ ਸਿੰਘ (ਸਾਬਕਾ ਮੇਅਰ) ਅਤੇ ਸਮੂਹ ਪਰਿਵਾਰ

ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਸ. ਜਤਿੰਦਰ ਸਿੰਘ ਥਿਆੜਾ ਅਤੇ ਸ. ਮਹਿੰਗਾ ਸਿੰਘ ਸੰਧੂ ਪਰਿਵਾਰਾਂ ਵੱਲੋਂ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦਰਮਿਆਨ ਕੀਤੀ ਗਈ ਲੰਗਰ ਦੀ ਸੇਵਾ ਦੀਆਂ ਕੁਝ ਝਲਕੀਆਂ।


















# SUPREME COUNCIL SRI GURU RAVIDASS SABHAS, USA

## A MESSENGER OF PEACE AND UNIVERSAL BROTHERHOOD

# SRI GURU NANAK DEV JI

On the occasion of 550th Birth Anniversary celebrations of SRI GURU NANAK DEV JI the whole world has graciously come together to participate in this historic and epoch-making celebration.

On behalf of SUPREME COUNCIL SRI GURU RAVIDASS SABHAS,USA we convey our hearty congratulations to the entire world for observing this great and noble Anniversary of Sat Guru Nanak Dev Ji Maharaj who was one of the brightest luminaries in the medieval Bhakti Renaissance. Guru Nanak Dev Ji stands prominent among his contemporaries on account of his doctrine regarding the uselessness of ritualism and Brahminical practices for initiation into spiritual life.

"KIRAT KARO, WAND SHAKO AND NAM JAPO" are the key tenets of his mission and philosophy of life which, if followed truly, will be a clarion call for universal humanism.

TEACHINGS RELEVANT IN THE MODERN WORLD: - Today when the whole world has been overtaken by cult of violence and social fragmentations of VARNAS AND CASTES and other forms of religious fundamentalism, the teachings of Guru Nanak are very relevant.

KARTARPUR LANGHA: - This year's celebration with allowing "Kartarpur Langha" free corridor between India and Pakistan bears a special significance in the hearts of those devotees who will be able to observe this great celebration at Kartarpur Gurudwara premises itself where Guru Nanak Dev Ji spent the last 15 years of his life in the cultivation of land as an agriculturist as a way of life and source of livelihood as an ordinary layman. He always believed that Truth never grows old, truth survives and truth brings illumination.

Our best tribute to the commemoration of this universal day in the memory of Guru Nanak Dev Ji will be to adopt his teachings as a way of our daily lives to help make this planet a better place to live.



**Humble Sewadar,**
**O.P. Balley**
**General Secretary**

ੴ ਸਹਜਿ ਮਿਲੈ ਮਿਲਿਆ ਪਰਵਾਣੁ॥ ਨਾ ਤਿਸੁ ਮਰਣੁ ਨ ਆਵਣੁ ਜਾਣੁ॥ ੴ
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥ ਜਹ ਦੇਖਾ ਤਹ ਅਵਰੁ ਨ ਕੋਇ॥





# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



## ਸ. ਕੁਲਤਾਰ ਸਿੰਘ ਚੀਮਾ ਅਤੇ ਸਮੂਹ ਚੀਮਾ ਪਰਿਵਾਰ

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥ ੴ





## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ**






(1) Commissioner, Board-Member of Elkgove-City-Historic-Preservation-Committee,
(2) Vice-President Indus Vally American Chamber of Commerce Sacra-mento CA
(3) ਖਾਲਸਾ ਕਾਲਿਜ ਗਵਰਨਿੰਗ ਕੌਂਸਲ AMRITASR (Member)



# ਦਲਜੀਤ ਸਿੰਘ ਸੰਧੂ ਅਤੇ ਸਮੂਹ ਸੰਧੂ ਪਰਿਵਾਰ

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥ ੴ






# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



**Bihari Lal Chahal**



**Amardeep Chahal with his wife Promila Chahal**

# ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

ੴ ਸਹਜਿ ਮਿਲੈ ਮਿਲਿਆ ਪਰਵਾਣੁ॥ ਨਾ ਤਿਸੁ ਮਰਣੁ ਨ ਆਵਣੁ ਜਾਣੁ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥ ਜਹ ਦੇਖਾ ਤਹ ਅਵਰੁ ਨ ਕੋਇ॥ ੴ





# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



ਹਰਜੋਤ ਸਿੰਘ ਗਰੇਵਾਲ

## ਅਜੀਤ ਸਿੰਘ ਗਰੇਵਾਲ, ਹਰਜੋਤ ਸਿੰਘ ਗਰੇਵਾਲ ਅਤੇ ਸਮੂਹ ਗਰੇਵਾਲ ਪਰਿਵਾਰ



ਅਜੀਤ ਸਿੰਘ ਗਰੇਵਾਲ

# ਜਾਤਪਾਤੀ ਡੂੰਘਾਈਆਂ ਨਾਪਦਾ ਡਾ. ਹਰਨੇਕ ਸਿੰਘ ਕਲੇਰ ਦਾ ਕਹਾਣੀ ਸੰਗ੍ਰਹਿ 'ਜਿਉਣਾ ਸੀਰੀ'



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਡਾ. ਹਰਨੇਕ ਸਿੰਘ ਕਲੇਰ ਇਕ ਬਹੁਪੱਖੀ ਸਾਹਿਤਕਾਰ ਹੈ, ਜਿਸਨੇ ਗੱਦ ਅਤੇ ਪਦ ਦੋਹਾਂ ਤੇ ਕਾਮਯਾਬੀ ਨਾਲ ਕਲਮ ਅਜ਼ਮਾਈ ਹੈ। ਬਾਲ ਸਾਹਿਤ ਰਚਣਾ ਦੂਜੀ ਸਾਹਿਤਕ ਵੰਨਗੀਆਂ ਤੋਂ ਕਾਫੀ ਮੁਸ਼ਕਿਲ ਹੁੰਦਾ ਹੈ, ਉਸ 'ਤੇ ਵੀ ਡਾ. ਕਲੇਰ ਨੇ ਦਰਜਨ ਦੇ ਕਰੀਬ ਪੁਸਤਕਾਂ ਦਿੱਤੀਆਂ ਹਨ ਤੇ ਕੁੱਲ ਮਿਲਾ ਕੇ ਦੋ ਕੁ ਦਰਜਨ ਪੁਸਤਕਾਂ ਉਹ ਪੰਜਾਬੀ ਸਾਹਿਤ ਦੇ ਕਾਫਲੇ ਵਿਚ ਸ਼ਾਮਲ ਕਰ ਚੁੱਕਿਆ ਹੈ। ਮੁਢਲੇ ਤੌਰ 'ਤੇ ਉਹ ਕਮਜ਼ੋਰ ਤਬਕੇ ਦਾ ਬੁਲਾਰਾ ਹੈ, ਦੱਬਿਆਂ ਕੁਚਲਿਆਂ ਦਾ ਝੰਡਾ ਬਰਦਾਰ ਹੈ, ਨੀਵੀਆਂ ਜਾਤੀਆਂ ਦੀਆਂ ਪੀਡੀਆਂ ਸਮੱਸਿਆਵਾਂ ਦੀਆਂ ਡੂੰਘਾਈਆਂ ਦੀ ਹਾਥ ਪਾਉਣ ਵਾਲਾ ਅਤੇ ਗੈਰ ਬਰਾਬਰੀ, ਅੱਨਿਆ ਵਿਰੁੱਧ ਇਕ ਲਲਕਾਰ ਹੈ। ਇਹ ਗੁਣ ਇਕ ਚੰਗੇ ਸਾਹਿਤਕਾਰ ਦੇ ਹੁੰਦੇ ਹਨ ਕਿਉਂਕਿ ਇਕ ਅਸਲੀ ਸਾਹਿਤਕਾਰ ਹਮੇਸ਼ਾ ਕਮਜ਼ੋਰਾਂ ਤੇ ਨਿਮਾਣਿਆਂ ਲਈ ਨਿਆਂ ਦੇ ਪੱਖ ਵਿਚ ਖਲੋਂਦਾ ਹੈ। ਗੁਰੂ ਨਾਨਕ ਵੀ 'ਨੀਚਾਂ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ, ਨਾਨਕ ਤਿਨ ਕੇ ਸੰਗ ਸਾਥਿ ਵਡਿਆਂ ਸਿਉਂ ਕਿਆ ਰੀਸੁ॥' ਆਖ ਕੇ ਸਭ ਤੋਂ ਨੀਚਾਂ ਨਾਲ ਖਲੋਏ ਸਨ। ਡਾ. ਅੰਬੇਡਕਰ ਦਾ ਵੀ ਮੰਨਣਾ ਹੈ ਕਿ 'ਬੁੱਧੀਜੀਵੀ ਉਹ ਹੈ ਜੋ ਸਮਾਜ ਨਾਲ ਜੁੜ ਕੇ ਉਸਦਾ ਕੂੜਾ ਕਰਕਟ ਇਕ ਝਾੜੂ ਬਰਦਾਰ ਵਾਂਗੂੰ ਹੂੰਝਣ ਦਾ ਕੰਮ ਕਰੇ।'

ਡਾ. ਕਲੇਰ ਦੀਆਂ ਲਿਖਤਾਂ ਦਾ ਜੋ ਮੁੱਲ ਪਾਣਾ ਬਣਦਾ ਹੈ, ਉਹ ਪਾਇਆ ਨਹੀਂ ਗਿਆ। ਜਾਪਦਾ ਹੈ ਜਿਵੇਂ ਦੱਬਿਆਂ ਕੁਚਲਿਆਂ ਨੂੰ ਉਹਨਾਂ ਦੇ ਹੱਕਾਂ ਤੋਂ ਸਦੀਆਂ ਤੱਕ ਵਾਂਝਿਆਂ ਰੱਖਿਆ ਗਿਆ, ਉਸੇ ਤਰ੍ਹਾਂ ਡਾ. ਕਲੇਰ ਵੀ ਦੱਬਿਆਂ-ਕੁਚਲਿਆਂ ਦਾ ਬੁਲਾਰਾ ਬਣ ਕੇ ਅੱਨਿਆਂ ਦਾ ਸ਼ਿਕਾਰ ਹੀ ਰਿਹਾ ਹੈ। ਨਹੀਂ ਤਾਂ ਉਸਦੀ ਕਲਾ ਵਿਚ ਕੋਈ ਖੋਟ ਨਹੀਂ। ਹਥਲੀ ਪੁਸਤਕ ਦੀਆਂ ਸਾਰੀਆਂ ਦਸ ਕਹਾਣੀਆਂ ਦੇ ਆਧਾਰ 'ਤੇ ਤਾਂ ਇਹ ਗੱਲ ਯਕੀਨਨ ਆਖੀ ਜਾ ਸਕਦੀ ਹੈ ਕਿ ਉਹ ਇਕ ਉਤਮ ਕਹਾਣੀਕਾਰ ਹੈ। ਉਹ ਸਮਾਜ ਨੂੰ ਨੀਝ ਲਾ ਕੇ ਤੱਕਦਾ ਹੈ ਤੇ ਇਸ ਜਾਤ ਪਾਤ ਦੇ ਕੋਹੜ ਨੇ ਜੋ ਅਪੰਗਤਾ ਪੈਦਾ ਕੀਤੀ ਹੈ, ਉਸਨੂੰ ਉਹ ਭਲੀ ਭਾਂਤ ਪਛਾਣਦਾ ਹੈ ਤੇ ਉਸਦਾ ਖੁੱਲ੍ਹ ਕੇ ਧੜੱਲੇ ਨਾਲ ਵਰਨਣ ਕਰਦਾ ਹੈ।

ਦਰਅਸਲ ਸਾਡੇ ਸਮਾਜ ਦੀ ਬਣਤਰ ਨੇ ਜਦੋਂ ਤੋਂ ਵਰਣ ਵਿਵਸਥਾ ਵਿਚੋਂ ਗੁਜ਼ਰਦਿਆਂ ਜਾਤੀ ਆਧਾਰਿਤ ਰਪ ਅਖਤਿਆਰ ਕੀਤਾ ਹੈ, ਉਦੋਂ ਤੋਂ ਇਸ ਜਾਤੀ ਮੂਲਕ ਸਮਾਜ ਨੇ ਜਾਤੀ ਦੇ ਸ਼ਿਕਾਰ 'ਮਨੁੱਖਾਂ' ਨੂੰ ਪਲ ਪਲ ਕੋਹਿਆ ਹੈ ਅਤੇ ਇੰਨਾਂ ਝੰਬਿਆ ਹੈ ਕਿ ਇਹਨਾਂ ਨੂੰ ਭੁਲਾ ਹੀ ਦਿੱਤਾ ਹੈ ਕਿ ਉਹ ਵੀ ਇਕ ਇਨਸਾਨ ਹੀ ਹਨ। ਉੱਚ ਜਾਤੀਆਂ ਵੱਲੋਂ ਨੀਵੀਂ ਜਾਤੀਆਂ ਦੇ ਸਾਰੇ ਮਨੁੱਖੀ ਅਧਿਕਾਰ ਖੋਹ ਕੇ ਜਾਨਵਰਾਂ ਦੀ ਪੱਧਰ ਤੋਂ ਵੀ ਬਹੁਤ ਹੇਠਾਂ ਲਿਆ ਸੁੱਟਿਆ। ਜਿਸ ਮਨੁੱਖ ਨੂੰ ਗਿਆਨ (ਵਿਦਿਆ) ਪ੍ਰਾਪਤ ਕਰਨ ਦਾ, ਆਪਣੀ ਇੱਜ਼ਤ ਮਾਣ ਤੇ ਜਾਨ ਮਾਲ ਦੀ ਰੱਖਿਆ ਕਰਨ ਦਾ, ਸਿਰ ਢਕਣ ਲਈ ਛੱਤ ਦਾ ਪ੍ਰਬੰਧ ਕਰਨ ਦਾ, ਭੁੱਖ ਮਿਟਾਉਣ ਲਈ ਅੰਨ ਦਾ ਪ੍ਰਬੰਧ ਕਰਨ ਦਾ ਵੀ ਘੱਟੋ ਘੱਟ ਹੱਕ ਨਾ ਹੋਵੇ, ਉਹ ਆਖਿਰ ਕਿਵੇਂ ਮਨੁੱਖ ਅਖਵਾ ਸਕਦਾ ਹੈ? ਜੇ ਉਹ ਕਦੇ ਇਹਨਾਂ ਹੱਕਾਂ ਦੀ ਖਾਤਰ ਥੋੜ੍ਹੀ ਬਹੁਤ ਹਿੱਲਜੁਲ ਕਰਦਾ ਵੀ ਸੀ ਤਾਂ ਜਾਂ ਤਾਂ ਉਹ ਸਰੀਰ ਦਾ ਕੋਈ ਅੰਗ ਗੁਆ ਬੈਠਦਾ ਸੀ ਜਾਂ ਕੀੜੇ ਮਕੌੜਿਆਂ ਵਾਂਗ ਜਾਨ ਤੋਂ ਹੀ ਹੱਥ ਧੋ ਬੈਠਦਾ ਸੀ।

ਇਹ ਸਥਿਤੀ ਕੋਈ ਸਾਲ ਜਾਂ ਸੌ ਸਾਲ ਤੋਂ ਨਹੀਂ ਸਗੋਂ ਹਜ਼ਾਰਾਂ ਸਾਲਾਂ ਤੋਂ ਤੁਰੀ ਆ ਰਹੀ ਹੈ। ਸਿਤਮ ਦੀ ਗੱਲ ਹੈ ਕਿ ਤਰ੍ਹਾਂ-ਤਰ੍ਹਾਂ ਦੇ ਰਾਜਿਆਂ-ਮਹਾਰਾਜਿਆਂ ਦਾ ਰਾਜ ਆਇਆ, ਦੇਸੀਆਂ ਵਿਦੇਸ਼ੀਆਂ ਦੀ ਹਕੂਮਤ ਆਈ, ਵੱਡੇ ਵੱਡੇ ਧਾਮਿਕ ਪੁਰਸ਼ ਆਏ, ਸਮਾਜਿਕ ਕਾਰਕੁੰਨ ਆਏ, ਨਵੇਂ ਨਵੇਂ ਫਲਸਫੇ ਅਤੇ ਵਿਚਾਰਧਾਰਾਵਾਂ ਆਈਆਂ, ਲੋਕਤੰਤਰ ਆਇਆ, ਆਜ਼ਾਦੀ ਆਈ, ਵਿਗਿਆਨਕ ਯੁੱਗ ਆਇਆ ਤੇ ਹੁਣ ਸਾਰੀ ਦੁਨੀਆਂ ਇਕ ਇਕਾਈ ਵਿਚ ਵਟਦੀ ਜਾ ਰਹੀ ਹੈ ਪਰ ਇਹ ਜਾਤਪਾਤੀ ਜਿੰਨ ਹਾਲੇ ਵੀ ਜਿਉਂਦਾ ਹੈ, ਹਾਲੇ ਵੀ ਜ਼ਹਿਰੀਲੇ ਫੁੰਕਾਰੇ ਮਾਰ-ਮਾਰ ਕਿੰਨੇ ਹੀ ਦੀਪ ਬੁਝਾਈ ਜਾ ਰਿਹਾ ਹੈ। ਨਾ ਕਦੇ ਜਨੂੰਨ ਇਸਦਾ ਕੁਝ ਵਿਗਾੜ ਸਕਿਆ ਹੈ ਨਾ ਕੋਈ ਮਾਨਵ ਪੱਖੀ ਧਰਮ ਇਸਨੂੰ ਮੋੜਾ ਪਾ ਸਕਿਆ ਹੈ। ਥੋੜ੍ਹੀ ਦੇਰ ਲਈ ਮਾੜਾ ਪੈਂਦਾ ਵੀ ਹੈ ਤਾਂ ਇਹ ਫਿਰ ਹੋਰ ਵਧੇਰੇ ਤਾਕਤ ਨਾਲ ਉੱਠ ਖਲੋਂਦਾ ਹੈ। ਦੇਸ ਤੇ ਸਮਾਜ ਦਾ ਇਸਨੇ ਬਹੁਤ ਨੁਕਸਾਨ ਕਰ ਦਿੱਤਾ ਹੈ।

ਅੱਜ ਹਾਲਤ ਇਹ ਹੈ ਕਿ ਸਮਾਜ ਲੀਰੋ ਲੀਰ ਹੋਇਆ ਪਿਆ ਹੈ। ਵੱਖ ਵੱਖ ਜਾਤੀਆਂ ਵੱਖ-ਵੱਖ ਕੌਮਾਂ ਬਣੀਆਂ ਇਕ ਦੂਜੇ ਦੀ ਦੁਸ਼ਮਣ ਹੋਈਆਂ ਪਈਆਂ ਹਨ। ਕਮਜ਼ੋਰ ਜਾਤੀਆਂ ਨੂੰ ਉੱਚੀਆਂ ਜਾਤੀਆਂ ਬੁਰੀ ਤਰ੍ਹਾਂ ਲਤਾੜ ਰਹੀਆਂ ਹਨ। ਜਾਬਰ ਜਾਤੀਆਂ ਹਾਲੇ ਵੀ ਬਰਦਾਸ਼ਤ ਨਹੀਂ ਕਰਦੀਆਂ ਕਿ ਨੀਵੀਆਂ ਜਾਤਾਂ ਉਪਰ ਉੱਠਣ। ਉਹਨਾਂ ਦਾ ਚੰਗੀ ਪੜ੍ਹਾਈ ਕਰਨਾ, ਚੰਗੀ ਨੌਕਰੀ 'ਤੇ ਲੱਗਣਾ, ਉਪਰਲੀਆਂ ਜਾਤੀਆਂ ਨਾਲ ਵਿਆਹ ਸ਼ਾਦੀ ਦਾ ਰਿਸ਼ਤਾ ਬਣਾਉਣਾ, ਚੰਗਾ ਖਾਣਾ ਪੀਣਾ, ਆਪਣੀ ਕੋਈ ਰਾਜਨੀਤਿਕ ਸ਼ਕਤੀ ਵੱਖਰੇ ਤੌਰ 'ਤੇ ਤਿਆਰ ਕਰਨਾ ਆਦਿ ਇਹਨਾਂ ਉਪਰਲੀਆਂ ਜਾਤੀਆਂ ਨੂੰ ਬਿਲਕੁਲ ਗੰਵਾਰਾ ਨਹੀਂ।

ਇਸ ਤਰ੍ਹਾਂ ਦੇ ਰੁਝੇਵਿਆਂ ਨੂੰ ਰੋਕਣ ਲਈ ਉੱਚ ਜਾਤੀਏ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਬੰਦੇ ਨੂੰ ਗਾਜਰਾਂ-ਮੂਲੀਆਂ ਵਾਂਗ ਕਤਲ ਕਰ ਸਕਦੇ ਹਨ। ਸ਼ਰੇਆਮ ਗੋਲੀਆਂ ਨਾਲ ਭੁੰਨ ਸਕਦੇ ਹਨ। ਕਾਨੂੰਨ ਤੇ ਸਿਆਸੀ ਤਾਕਤ ਹਮੇਸ਼ਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਹਨਾਂ ਉੱਚੀਆਂ ਜਾਤੀਆਂ ਦੇ ਹੱਕ ਵਿਚ ਹੀ ਭੁਗਤ ਜਾਂਦੀ ਹੈ। ਇਸ ਸਾਰੇ ਤਾਣੇ-ਬਾਣੇ ਵਿਚ ਵਿੱਚਰਦਿਆਂ ਇਸ ਖੇਤੀ ਪ੍ਰਧਾਨ ਸੂਬੇ ਪੰਜਾਬ ਵਿਚ ਖੇਤੀ ਕਰਨ ਵਾਲਾ ਕਥਿਤ ਉੱਚੀ ਜਾਤੀ ਮਾਲਕ ਜ਼ਿੰਮੀਦਾਰ ਅਤੇ ਨਾਲ ਖੇਤੀ ਸਹਾਇਕ ਸੀਰੀ ਜੋ ਦੱਬੀਆਂ-ਕੁਚਲੀਆਂ ਜਾਤਾਂ ਵਿਚੋਂ ਹੁੰਦਾ ਹੈ, ਇਸਦੀ




ਲਹੂ ਭਿੱਜੀ ਦਾਸਤਾਨ ਬਿਆਨ ਕੀਤੀ ਹੈ ਡਾ. ਕਲੇਰ ਨੇ ਕਹਾਣੀ ਸੰਗ੍ਰਹਿ 'ਜਿਉਣਾ ਸੀਰੀ' ਵਿਚ। ਜੋ ਇਕ ਵਾਰੀ ਸੀਰੀ ਬਣ ਗਿਆ, ਉਸਨੂੰ ਲੋੜ ਪੈਣ ਤੇ ਕਰਜ਼ਾ ਦੇ ਕੇ ਉੱਚਾ ਵਿਆਜ ਲਗਾਇਆ ਜਾਂਦਾ ਹੈ ਅਤੇ ਤਾ-ਉਮਰ ਇਸ ਜਾਲ ਵਿਚੋਂ ਨਹੀਂ ਨਿਕਲਣ ਦਿੱਤਾ ਜਾਂਦਾ। ਸਗੋਂ ਅੱਗੋਂ ਵੀ ਅਜਿਹਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸੀਰੀ ਦੀ ਔਲਾਦ ਵੀ ਸੀਰੀ ਹੀ ਬਣਨ ਲਈ ਮਜਬੂਰ ਹੋ ਜਾਵੇ।

ਅਜਿਹੀਆਂ ਉਦਾਹਰਣਾਂ ਵੀ ਮਿਲਦਆਂ ਹਨ ਕਿ ਕੁਝ ਉੱਚ ਜਾਤੀ ਟੀਚਰ ਭਲੇ ਚੰਗੇ ਪੜ੍ਹਦੇ ਨੀਵੀਂ ਜਾਤੀ ਦੇ ਬੱਚਿਆਂ ਨੂੰ ਬਿਨਾਂ ਵਜ੍ਹਾ ਕੁੱਟ-ਕੁੱਟ ਕੇ ਸਕੂਲੋਂ ਭਜਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹ ਸਕੂਲ ਤੋਂ ਮੂੰਹ ਮੋੜ ਕੇ ਮੁੜ ਖੇਤਾ ਵਿਚ ਹੀ ਮਜ਼ਦੂਰ ਬਣਨ ਤੇ ਸੀਰੀ ਲੱਗਣ। ਜੇ ਕੋਈ ਫਿਰ ਵੀ ਪੜ੍ਹ ਜਾਵੇ ਤਾਂ ਉਸਨੂੰ ਚੰਗੀ ਨੌਕਰੀ ਲੱਗਣ ਤੋਂ ਰੋਕਣ ਲਈ ਹੀਲੇ ਕੀਤੇ ਜਾਂਦੇ ਹਨ, ਸਾਜਿਸ਼ਾਂ ਘੜੀਆਂ ਜਾਂਦੀਆਂ ਹਨ। ਜਾਤੀ ਬੰਧਨ ਤੋੜ ਕੇ ਕੋਈ ਜੋੜਾ ਵਿਆਹ ਦੇ ਬੰਧਨ ਵਿਚ ਬੰਨ੍ਹਣਾ ਚਾਹੇ ਤਾਂ ਉਹ ਜਾਨ ਤੋਂ ਵੀ ਹੱਥ ਧੋ ਸਕਦਾ ਹੈ। ਇਸਦੀ ਗਾਜ ਵੀ ਆਮ ਤੌਰ 'ਤੇ ਕਮਜ਼ੋਰ 'ਤੇ ਹੀ ਗਿਰਦੀ ਹੈ। ਇਸ ਤਰ੍ਹਾਂ ਦੀ ਸਥਿਤੀ ਭਾਵੇਂ ਜ਼ਿੰਮੀਦਾਰ ਤੇ ਸੀਰੀ ਦੇ ਮਾਮਲੇ ਵਿਚ ਹੀ ਨਹੀਂ ਸਗੋਂ ਉੱਚੀਆਂ ਜਾਤੀਆਂ ਤੇ ਨੀਵੀਆਂ ਜਾਤੀਆਂ ਵਿਚਕਾਰ ਹਰ ਖੇਤਰ ਵਿਚ ਵਾਪਰ ਰਹੀ ਹੈ ਪਰ ਲੇਖਕ ਨੇ ਜ਼ਿੰਮੀਦਾਰ ਤੇ ਸੀਰੀ ਦੀ ਵਿੱਥਿਆ ਹੀ ਲਈ ਹੈ। ਇਸ ਵਿੱਥਿਆ ਦਾ ਲੇਖਕ ਨੇ ਪੇਂਡੂ ਜੀਵਨ ਨਾਲ ਸਬੰਧਤ ਢੁਕਵੀਂ ਪੰਜਾਬੀ ਵਿਚ ਬਾਖੂਬੀ ਬਿਰਤਾਂਤ ਕੀਤਾ ਹੈ। ਪੇਂਡੂ ਮੁਹਾਵਰੇ ਤੇ ਅਖੌਤਾਂ ਨਾਲ ਬੋਲੀ ਨੂੰ ਅਜਿਹਾ ਸੰਵਾਰਿਆ ਤੇ ਸ਼ਿੰਗਾਰਿਆ ਹੈ ਕਿ ਲੇਖਕ ਦੇ ਦਿਲ ਦੀ ਗੱਲ ਠਾਹ ਕਰਕੇ ਸਮਝ ਪੈ ਜਾਂਦੀ ਹੈ, ਜ਼ਿਆਦਾ ਤਰੱਦਦ ਦੀ ਲੋੜ ਨਹੀਂ ਪੈਂਦੀ। ਇਹ ਲੇਖਕ ਦਾ ਹਾਸਲ ਹੈ।

ਕਹਾਣੀ ਸੰਗ੍ਰਹਿ ਦੀਆਂ ਦਸ ਕਹਾਣੀਆਂ ਵਿਚੋਂ ਪਹਿਲੀ ਕਹਾਣੀ 'ਕੰਡਿਆਲੀ ਥੋਹਰ' ਵਿਚ ਯੂਨੀਵਰਸਿਟੀ ਪੜ੍ਹਦੀ ਸੁਹਣੀ ਸੁਨੱਖੀ ਨੀਵੀਂ ਜਾਤੀ ਕੁੜੀ ਯੂਨੀਵਰਸਿਟੀ ਵਿਚ ਹੀ ਪੜ੍ਹਦੇ ਇਕ ਉੱਚ ਜਾਤੀ ਮੁੰਡੇ ਨੂੰ ਉਦੋਂ ਤੱਕ ਹੀ ਸਮਾਰਟ ਲੱਗਦੀ ਹੈ, ਜਦੋਂ ਤੱਕ ਉਸਨੂੰ ਉਸਦੀ ਜਾਤੀ ਦਾ ਪਤਾ ਨਹੀਂ। ਉਹ ਉਸਨੂੰ 'ਦੁਆਬੇ ਦੀ ਜੱਟੀ' ਸਮਝਦਿਆਂ ਉਸ ਨਾਲ ਵਿਆਹ ਕਰਵਾਉਣ ਲਈ ਤਰਲੋ ਮੱਛੀ ਹੋਇਆ ਪਿਆ ਹੈ। ਪਰ ਜਦੋਂ ਕੁੜੀ ਦੀ ਜਾਤੀ ਪਤਾ ਲੱਗਦੀ ਹੈ ਤੇ ਉਹ ਕਿਤੇ ਹੋਰ ਵਿਆਹੇ ਜਾਣ ਦੀ ਤਿਆਰੀ ਵਿਚ ਹੈ ਤਾਂ ਇੱਕਦਮ ਉਸਦੇ ਸੁਪਨਿਆਂ ਦੀ ਰਾਣੀ ਘਿਰਣਾਮਈ 'ਚਮਾਰੀ' ਵਿਚ ਤਬਦੀਲ ਹੋ ਜਾਂਦੀ ਹੈ। 'ਵੱਟਾਂ' ਵਿਚ ਤਰਖਾਣਾਂ ਦੀ ਕੁੜੀ ਨੀਵੀਂ ਜਾਤੀ ਮੁੰਡੇ ਨਾਲ ਕਚਹਿਰੀ ਵਿਚ ਵਿਆਹ ਕਰਵਾ ਲੈਂਦੀ ਹੈ। ਪਤਾ ਲੱਗਣ ਤੇ ਜਾਤੀ ਟਕਰਾਅ ਕਾਰਨ ਬਹੁਤ ਉਤਰਾਅ-ਚੜ੍ਹਾਅ ਆਉਂਦੇ ਹਨ ਪਰ ਅਖੀਰ ਕੁੜੀ ਦਾ ਪਿਓ ਇਕ ਇਨਕਲਾਬੀ ਹੋਕਾ ਦਿੰਦਾ ਹੈ ''ਢਾਹ ਗਈ ਓ ਮੇਰੀ ਧੀ ਪਾਈਆਂ ਵੱਟਾਂ।' ਇਸ ਪੱਖੋਂ ਇਹ ਇਨਕਲਾਬੀ ਕਹਾਣੀ ਹੈ ਜੋ ਵਿਆ ਵਿਚ ਆਈ ਜਾਤਪਾਤੀ ਸਮੱਸਿਆ ਦਾ ਢੁਕਵਾਂ ਹੱਲ ਸੁਝਾਉਂਦੀ ਹੈ। ਅਗਲੀ ਕਹਾਣੀ 'ਇਨਸਾਫ' ਵਿਚ ਨੀਵੀਂ ਜਾਤੀ ਦਾ ਮੁੰਡਾ ਆਈ. ਏ. ਐਸ. ਦਾ ਇਮਤਿਹਾਨ ਪਾਸ ਕਰ ਲੈਂਦਾ ਹੈ ਤੇ ਇੰਟਰਵਿਊ ਦੀ ਤਿਆਰੀ ਕਰ ਰਿਹਾ ਹੈ ਜੋ ਇਕ ਉੱਚ ਜਾਤੀਏ ਨੂੰ ਖਟਕਦਾ ਹੈ। ਉਹ ਉਸਨੂੰ ਆਪਣੇ ਟਰੱਕ ਦੇ ਡਰਾਈਵਰ ਭਈਏ ਹੱਥੋਂ ਟਰੱਕ ਹੇਠ ਦਰੜਵਾ ਦਿੰਦਾ ਹੈ, ਜਿਸਦਾ ਖੁਲਾਸਾ ਉੱਚ ਜਾਤੀਏ ਦੀ ਭੈਣ ਆਪਣੇ ਇਕ ਜਾਣਕਾਰ ਕੋਲ ਕਰਦੀ ਹੈ। ਇਹ ਕੁੜੀ ਉਸ ਮੁੰਡੇ ਨੂੰ ਚਾਹੁੰਦੀ ਹੁੰਦੀ ਸੀ। ਕੁਝ ਮਹੀਨਿਆਂ ਬਾਅਦ ਉਹੀ ਟਰੱਕ ਡਰਾਈਵਰ ਮਾਲਕ ਦੀ ਵਹੁਟੀ ਤੇ ਬੱਚਿਆਂ ਨੂੰ ਲੈ ਕੇ ਟਰੱਕ ਸਮੇਤ ਫਰਾਰ ਹੋ ਜਾਂਦਾ ਹੈ। ਲੇਖਕ ਨੇ ਇਹ ਕੁਦਰਤ ਦਾ ਇਨਸਾਫ ਵਿਖਾਇਆ ਹੈ ਪਰ ਅਜਿਹਾ ਹਰ ਵਾਰੀ ਹਰ ਕੇਸ ਵਿਚ ਨਹੀਂ ਵਾਪਰ ਸਕਦਾ। 'ਸ਼ਤਰੰਜੀ ਚਾਲ' ਵਿਚ ਰਾਖਵੇਂਕਰਨ ਅਧੀਨ ਪਹਿਲੇ ਉੱਚ ਜਾਤੀਏ ਸਰਪੰਚ ਕੋਲੋਂ ਸਰਪੰਚੀ ਖੁਸਦੀ ਜਾਪਦੀ ਹੈ ਤਾਂ ਉਹ ਆਪਣਾ ਹੱਥ ਠੋਕਾ ਸਰਪੰਚ ਬਣਾਉਣ ਲਈ ਜਾਤੀ ਵਖਰੇਵੇਂ ਖੜ੍ਹੇ ਕਰਦਾ ਹੈ ਤੇ ਫਿਰ ਆਪ ਗੋਲੀ ਚਲਾ ਕੇ ਰਿਜ਼ਰਵ ਦੇ ਸਰਪੰਚ ਉਮੀਦਵਾਰ ਉਤੇ ਸਾਜਿਸ਼ ਅਧੀਨ ਕੇਸ ਪਾ ਦਿੰਦਾ ਹੈ ਤੇ ਉਸਨੂੰ ਗ੍ਰਿਫਤਾਰ ਕਰਵਾ ਦਿੰਦਾ ਹੈ।

ਅਗਲੀ ਕਹਾਣੀ 'ਬਾਈਕਾਟ' ਵਿਚ ਰਾਖਵੀਂ ਜਾਤੀ ਦਾ ਸਰਪੰਚ ਬਣਦਾ ਹੈ ਤਾਂ ਜ਼ਿੰਮੀਦਾਰ ਪਿੰਡ ਦੀਆਂ ਸਾਰੀਆਂ ਨੀਵੀਆਂ ਜਾਤੀਆਂ ਨੂੰ ਖੇਤਾਂ ਵਿਚ ਵੜਨੋਂ ਰੋਕ ਦਿੰਦੇ ਹਨ ਤੇ ਮੁਕੰਮਲ ਬਾਈਕਾਟ ਕਰ ਦਿੰਦੇ ਹਨ। ਦੋ ਔਰਤਾਂ ਮਦਦ 'ਤੇ ਆਉਂਦੀਆਂ ਹਨ ਤਾਂ ਪਹਿਲਾ ਸਰਪੰਚ ਸਾਜਿਸ਼ ਅਧੀਨ ਉਹਨਾਂ ਔਰਤਾਂ ਦਾ ਕਤਲ ਕਰਵਾ ਕੇ ਕੇਸ ਰਿਜ਼ਰਵ ਦੇ ਸਰਪੰਚ ਸਿਰ ਪੁਆ ਦਿੰਦਾ ਹੈ। 'ਖੁਦਕੁਸ਼ੀ' ਵਿਚ ਨੀਵੀਂ ਜਾਤੀ ਦਾ ਇਕ ਮੁੰਡਾ ਪੜ੍ਹ ਕੇ ਅਫਸਰ ਲੱਗਣ ਦਾ ਸੁਪਨਾ ਪਾਲ ਬੈਠਾ ਹੈ। ਪੜ੍ਹਨ ਵਿਚ ਹੁਸ਼ਿਆਰ ਹੈ ਪਰ ਇਕ ਉੱਚ ਜਾਤੀਏ ਵੱਲੋਂ ਅਜਿਹੇ ਹਾਲਾਤ ਪੈਦਾ ਕੀਤੇ ਗਏ ਕਿ ਸੀਰੀ ਬਾਪ ਦੀ ਥਾਂ ਰੁੱਗ ਲਾਉਂਦਿਆਂ ਪਾੜ੍ਹੇ ਪੁੱਤ ਦੀ ਮਸ਼ੀਨ ਵਿਚ ਆ ਕੇ ਬਾਂਹ ਕੱਟੀ ਗਈ ਤੇ ਬੱਸ ਉਹ ਪੜ੍ਹਾਈ ਛੱਡ ਪਾਲੀ ਬਣਨ ਜੋਗਾ ਹੀ ਰਹਿ ਗਿਆ। ਅੰਤ ਉਸਨੂੰ ਪਾਰ ਬੁਲਾ ਦਿੱਤਾ ਗਿਆ ਤੇ ਨਾਂ ਖੁਦਕੁਸ਼ੀ ਦਾ ਦੇ ਦਿੱਤਾ ਗਿਆ। ਅਗਲੀ ਕਹਾਣੀ 'ਭਵਿੱਖ ਤਰਾਸਦੇ ਲੋਕ' ਵਿਚ ਸੀਰੀ ਦਾ ਮੁੰਡਾ ਸਮਾਜਿਕ ਤੇ ਰਾਜਸੀ ਗਤੀਵਿਧੀਆਂ ਵਿਚ ਹਿੱਸਾ ਲੈਂਦਿਆਂ ਸਰਦਾਰਾਂ ਦੇ ਗਲਤ ਕੰਮਾਂ ਵਿਰੁੱਧ ਬੋਲਦਾ ਹੈ, ਜਿਸਦੇ ਫਲਸਰੂਪ ਸੀਰੀ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਜਾਂਦਾ ਹੈ ਅਤੇ ਉਸਦੇ ਮੁੰਡੇ ਨੂੰ ਇੰਟਰਵਿਊ ਤੇ ਸ਼ਹਿਰ ਗਏ ਨੂੰ ਘੇਰ ਕੇ ਇੰਨਾ ਕੁੱਟਿਆ ਕਿ ਉਹ ਅਧਮੋਇਆ ਹਸਪਤਾਲ ਦਾਖਲ ਕਰਵਾਇਆ ਗਿਆ।

ਅਗਲੀ ਕਹਾਣੀ 'ਜਿਊਣਾ ਸੀਰੀ' ਇਸ ਕਹਣੀ ਸੰਗ੍ਰਹਿ ਦੀ ਪ੍ਰਤੀਨਿਧ ਕਹਾਣੀ ਹੈ। ਜਿਊਣਾ ਬਚਪਨ ਵਿਚ ਪੜ੍ਹਨ ਵਿਚ ਹੁਸ਼ਿਆਰ ਹੈ। ਉਸਦਾ ਸੀਰੀ ਪਿਓ ਇਕ ਖੁਦਾਈ ਵੇਲੇ ਢਿੱਗ ਡਿੱਗਣ ਕਾਰਨ ਹੇਠਾਂ ਦੱਬ ਕੇ ਮਰ ਗਿਆ ਸੀ। ਜਿਊਣੇ ਨੂੰ ਜ਼ਿੰਮੀਦਾਰ ਦੇ ਇਕ ਅਧਿਆਪਕ ਮੁੰਡੇ ਨੇ ਬਿਨਾਂ ਕਿਸੇ ਖਸ ਕਾਰਨ ਦੇ ਮਾਰ ਮਾਰ ਕੇ ਸਕੂਲੋਂ ਭਜਾ ਦਿੱਤਾ ਜੋ ਆਖਿਰਕਾਰ ਸੀਰੀ ਲੱਗਣ ਲਈ ਮਜਬੂਰ ਹੋ ਗਿਆ। ਰੁੱਖੀ ਸੁੱਖੀ ਖਾ ਕੇ ਉਹ ਬੁਢਾਪੇ ਤੱਕ ਸੀਰੀਪੁਣਾ ਨਿਭਾਉਂਦਾ ਹੈ ਪਰ ਜ਼ਿੰਮੀਦਾਰਾਂ ਦੀ ਮੁੰਡੀਰ ਵੱਲੋਂ ਜਦੋਂ ਉਹਨਾਂ ਦੀ ਕੁੜੀ ਨੂੰ ਛੇੜਿਆ ਜਾਂਦਾ ਹੈ ਤਾਂ ਉਹੀ ਜਿਊਣਾ ਅਜਿਹਾ ਰੋਹ ਵਿਚ ਆਉਂਦਾ ਹੈ ਕਿ ਉਹਨਾਂ ਵੱਲੋਂ ਦਿੱਤੀ ਰੋਟੀ ਖੇਤਾਂ ਵਿਚ ਵਗਾਹ ਕੇ ਮਾਰਦਾ ਹੈ ਤੇ ਗਰਜ ਕੇ ਆਖਦਾ ਹੈ ''ਅਸੀਂ ਇਹੋ ਜਿਹੀ ਰੋਟੀ ਨੀ ਖਾਣੀ ਉਏ।' ਬਹੁਤ ਇਨਕਲਾਬੀ ਕਹਾਣੀ ਹੈ ਇਹ ਜਿਸ ਵਿਚ ਸਰੀਰੋਂ ਤੇ ਆਰਥਿਕ ਪੱਖੋਂ ਕਮਜ਼ੋਰ ਸੀਰੀ ਆਪਣੀ ਇੱਜ਼ਤ ਖਾਤਰ ਆਪਣੇ ਇਕੋ ਇਕ ਰੋਜ਼ੀ ਦੇ ਸਾਧਨ ਸੀਰੀਪੁਣੇ ਨੂੰ ਲੱਤ ਮਾਰ ਦਿੰਦਾ ਹੈ। 'ਦੁਆਨੀ ਚੁਆਨੀ' ਵਿਚ ਵਿਖਾਇਆ ਹੈ ਕਿ ਰਾਜਨੀਤੀ ਖੇਤਰ ਵਿਚ ਵੀ ਛੋਟੀਆਂ ਜਾਤਾਂ ਤੋਂ ਪੂਰੇ ਕੰਮ ਕਰਵਾ ਕੇ ਅਖੀਰ ਉਹਨਾਂ ਨੂੰ ਕੋਈ ਛੋਟਾ-ਮੋਟਾ ਅਹੁਦਾ ਦੇ ਕੇ ਛੁਣਛੁਣਾ ਪਕੜਾ ਦਿੱਤਾ ਜਾਂਦਾ ਹੈ। ਬੱਸ ਇਸ ਤੋਂ ਅੱਗੇ ਜਾਣੋਂ ਹਰ ਹਿੱਲੇ ਰੋਕਿਆ ਜਾਂਦਾ ਹੈ। ਸਿਰਫ ਰਾਖਵੇਂਕਰਨ ਅਧੀਨ ਜੋ ਜ਼ਰੂਰੀ ਥਾਂ ਹੈ ਉਹ ਹੀ ਮਜਬੂਰੀ ਵਿਚ ਦਿੱਤੀ ਜਾਂਦੀ ਹੈ। ਆਖਰੀ ਕਹਾਣੀ 'ਇਹ ਉਹ ਗਿੱਲ ਨਹੀਂ' ਵਿਚ ਦੋ ਅਜਨਬੀ ਬੱਸ ਵਿਚ ਮਿਲਦੇ ਹਨ। ਉਹਨਾਂ ਵਿਚੋਂ ਇਕ ਆਪਣੇ ਆਪ ਨੂੰ 'ਗਿੱਲ' ਵਜੋਂ ਜਾਣ ਪਛਾਣ ਕਰਵਾਉਂਦਾ ਹੈ, ਜਿਸਦੀ ਉਸਨੂੰ ਉੱਚ ਜਾਤੀ ਹੋਣ ਦੀ ਬਹੁਤ ਹੈਂਕੜ ਹੈ ਜੋ ਉਸ ਦੀਆਂ ਗੱਲਾਂ ਵਿਚੋਂ ਵਾਰ-ਵਾਰ ਝਲਕਦੀ ਹੈ। ਉਸਦੇ ਪੁੱਛਣ 'ਤੇ ਦੂਜੇ ਨੇ ਵੀ ਆਪਣੇ ਆਪ ਨੂੰ ਗਿੱਲ ਹੀ ਦੱਸਿਆ। ਯਾਦ ਰਹੇ ਨੀਵੀਂ ਜਾਤੀਆਂ ਵਿਚ ਵੀ 'ਗਿੱਲ' ਹੁੰਦੇ ਹਨ। ਇਸ ਸਚਾਈ ਤੋਂ ਬੇਖਬਰ ਉਹ ਉਸਨੂੰ ਆਪਣੀ ਹੀ ਜਾਤੀ ਦਾ ਮੰਨ ਕੇ ਬੜੀਆਂ ਹੈਂਕੜ ਭਰੀਆਂ ਗੱਲਾਂ ਛੱਡਦਾ ਹੈ। ਬੱਸ 'ਚੋਂ ਉਤਰਦਿਆਂ ਜੋ ਸਾਥੀ ਉਸਨੂੰ ਲੈਣ ਆਇਆ ਹੁੰਦਾ ਹੈ, ਉਹ ਦੂਜੇ ਗਿੱਲ ਦੇ ਪਿੰਡਾਂ ਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਦੂਜਾ ਗਿੱਲ ਉੱਚ ਜਾਤੀ ਵਾਲਾ ਗਿੱਲ ਨਹੀਂ ਹੈ। ਇੰਨਾ ਦੱਸ ਕੇ ਕਿ ਇਹ ਉਹ ਗਿੱਲ ਨਹੀਂ, ਉਹ ਨਫਰਤ ਵਿਚ ਆਪਣਾ ਮੂੰਹ ਦੂਜੇ ਪਾਸੇ ਭੰਵਾ ਲੈਂਦਾ ਹੈ।

ਇੰਝ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਦੀਆਂ ਸਾਰੀਆਂ ਕਹਾਣੀਆਂ ਜਾਤੀ ਸਰਾਪ ਵਿਚ ਬੁਰੀ ਤਰ੍ਹਾਂ ਸਰਾਪੀਆਂ ਹੋਈਆਂ ਹਨ, ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਜਾਤੀਵਾਦ ਬਹੁਤ ਬੁਰੀ ਤਰ੍ਹਾਂ ਲਹੂ ਵਿਚ ਸਮਾ ਚੁੱਕਾ ਹੈ। ਆਖਣ ਨੂੰ ਤਾਂ ਆਖ ਦਿੱਤਾ ਜਾਂਦਾ ਹੈ ਕਿ ਹੁਣ ਉਹ ਗੱਲਾਂ ਨਹੀਂ ਰਹੀਆਂ, ਰਾਖਵੇਂਕਰਨ ਕਾਰਨ ਨੀਵੀਆਂ ਜਾਤਾਂ ਵੀ ਬਹੁਤ ਉਪਰ ਆ ਗਈਆਂ ਹਨ। ਪਰ ਸਵਾਲ ਇਹ ਹੈ ਕਿ ਉਹ ਕਿੰਨੇ ਕੁ ਹਨ? ਜੋ ਉਪਰ ਆ ਵੀ ਗਏ ਹਨ, ਜਾਤੀਵਾਦ ਉਹਨਾਂ ਦਾ ਫਿਰ ਵੀ ਪਿੱਛਾ ਨਹੀਂ ਛੱਡਦੀ ਤੇ ਗਾਹੇ ਬਗਾਹੇ ਉਹਨਾਂ ਨੂੰ ਇਸਦਾ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ। ਇਸ ਸਚਾਈ ਨੂੰ ਪ੍ਰਗਟ ਕਰਨ ਲਈ ਡਾ. ਹਰਨੇਕ ਸਿੰਘ ਕਲੇਰ ਨੇ ਲੋੜੀਂਦੇ ਢੁਕਵੇਂ ਹਾਲਾਤ ਸਿਰਜ ਕੇ ਆਪਣੀ ਗੱਲ ਸਾਬਤ ਕਰਨ ਦੇ ਸਫਲ ਯਤਨ ਕੀਤੇ ਹਨ।

ਸਿਰਜੇ ਹੋਏ ਹਾਲਾਤ ਅਤੇ ਘਟਨਾਵਾਂ ਪਾਠਕ ਵਿਚ ਰੋਹ ਪੈਦਾ ਕਰਦੇ ਹਨ ਅਤੇ ਉਸਦੇ ਹਿਰਦੇ ਵਿਚ ਜਾਤਪਾਤੀ ਨਿਜ਼ਾਂਮ ਵਿਰੁੱਧ ਨਫਰਤ ਭਰ ਦਿੰਦੇ ਹਨ। ਇਹੀ ਰੋਹ ਅਤੇ ਨਫਰਤ ਇਕ ਸਾਧਨ ਬਣ ਕੇ ਸੇਧਿਤ ਹੋ ਸਕਦਾ ਹੈ, ਕਿਸੇ ਹੱਲ ਵੱਲ ਜੋ ਇਸ ਜਾਤਪਾਤੀ ਪ੍ਰਬੰਧ ਦੇ ਖਾਤਮੇ ਦਾ ਸਬੱਬ ਵੀ ਬਣ ਸਕਦਾ ਹੈ। ਇਸ ਪੱਖੋਂ ਇਹ ਲੇਖਕ ਦੀ ਸਫਲਤਾ ਆਖੀ ਜਾ ਸਕਦੀ ਹੈ। ਇੰਨਾ ਗੁੰਝਲਦਾਰ ਵਿਸ਼ਾ ਚੁਣਨ ਅਤੇ ਸਫਲਤਾ ਪੂਰਵਕ ਨਿਭਾਉਣ ਲਈ ਲੇਖਕ ਨੂੰ ਸਲਾਮ।

# ਕੌਮਾਂਤਰੀ ਨਗਰ ਕੀਰਤਨ ਗੁਰਦੁਆਰਾ ਬੇਰ ਸਾਹਿਬ ਵਿਖੇ ਸੰਪੂਰਨ

ਸੁਲਤਾਨਪੁਰ ਲੋਧੀ- ਗੁਰੂ ਨਾਨਕ ਦੇਵ ਜੀ ਦੇ ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਚੱਲਿਆ ਕੌਮਾਂਤਰੀ ਨਗਰ ਕੀਰਤਨ 97ਵੇਂ ਦਿਨਾਂ ਬਾਅਦ ਜੈਕਾਰਿਆਂ ਦੀ ਗੂੰਜ ਵਿਚ ਸੁਲਤਾਨਪੁਰ ਲੋਧੀ 'ਚ ਖਾਲਸਾਈ ਜਾਹੋ ਜਲਾਲ ਨਾਲ ਸਮਾਪਤ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਪਹਿਲਾ ਅਜਿਹਾ ਨਗਰ ਕੀਰਤਨ ਹੈ, ਜਿਹੜਾ ਦੇਸ਼ ਦੀ ਵੰਡ ਤੋਂ ਬਾਅਦ ਨਨਕਾਣਾ ਸਾਹਿਬ ਤੋਂ ਚੱਲ ਕੇ ਭਾਰਤ ਦੇ 17 ਸੂਬਿਆਂ 'ਚੋਂ ਹੁੰਦਾ ਹੋਇਆ ਸਿੱਖ ਪੰਥ ਦੇ ਪੰਜ ਤਖ਼ਤਾਂ ਦੀ ਯਾਤਰਾ ਕਰਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪਹੁੰਚਿਆ।

ਸੁਲਤਾਨਪੁਰ ਲੋਧੀ ਵਿਚ ਅੰਤਰਰਾਸ਼ਟਰੀ ਨਗਰ ਕੀਰਤਨ ਪਹੁੰਚਣ 'ਤੇ ਗੁਰਦੁਆਰਾ ਸੰਤਘਾਟ ਸਾਹਿਬ ਦੇ ਨੇੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅੰਤਰਰਾਸ਼ਟਰੀ ਨਗਰ ਕੀਰਤਨ ਦੇ ਮੁੱਖ ਪ੍ਰਬੰਧਕ ਜਥੇਦਾਰ ਤੋਤਾ ਸਿੰਘ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਬਲਵਿੰਦਰ ਸਿੰਘ ਭੂੰਦੜ ਤੇ ਬੀਬੀ ਉਪਿੰਦਰਜੀਤ ਕੌਰ ਨੇ ਜ਼ੋਸ਼ੋ-ਖ਼ਰੋਸ਼ ਨਾਲ ਸਵਾਗਤ ਕੀਤਾ। ਇਸੇ ਦੌਰਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ ਸਵਾਗਤ ਲਈ ਪਹੁੰਚੇ।



### ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਕਾਸ਼! ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਹੁੰਦਾ?

# 'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵਿਚਾਰ'

ਸਾਡੇ ਸਮਾਜ 'ਚ ਗੁਰੂ ਦਾ ਸਥਾਨ ਮਾਤਾ-ਪਿਤਾ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਗੁਰੂ ਦੀ ਮਹਾਨਤਾ ਤੇ ਮਹਿਮਾ ਬਾਰੇ ਵਿਆਖਿਆ ਸਾਨੂੰ ਸਾਡੇ ਪੁਰਾਣਾਂ ਤੇ ਪੁਰਾਤਨ ਗ੍ਰੰਥਾਂ 'ਚੋਂ ਮਿਲਦੀ ਹੈ। ਭਾਰਤ ਦੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਦੇ ਸਭ ਤੋਂ ਵੱਡੇ ਗੁਰੂ ਮੰਨੇ ਜਾਂਦੇ ਹਨ ਤੇ ਉਹਨਾਂ ਨੇ ਵੀ ਆਪਣੇ ਸਾਰੇ ਜੀਵਨ ਕਾਲ 'ਚ ਗੁਰੂ ਦੀ ਮਹਿਮਾ ਦੀ ਵਿਆਖਿਆ ਬੜੇ ਉੱਚ ਪੱਧਰ 'ਤੇ ਕੀਤੀ ਤੇ ਪ੍ਰੇਮ ਭਾਵਨਾ ਨੂੰ ਫੈਲਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ 'ਚ ਲੋਕਾਂ ਨੂੰ ਏਕਤਾ ਤੇ ਪ੍ਰੇਮ ਪਿਆਰ ਨੂੰ ਵਧਾਉਣ ਲਈ ਆਪਣਾ ਸਾਰਾ ਜੀਵਨ ਪੁਰਜ਼ੋਰ ਕੋਸ਼ਿਸ਼ ਕੀਤੀ।


ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਪਹਿਲੂ ਹਨ। ਉਹ ਅਧਿਆਤਮਵਾਦ ਦੇ ਮਹਾਂ-ਬ੍ਰਹਮਗਿਆਨੀ, ਉੱਚ ਕੋਟੀ ਦੇ ਦਾਰਸ਼ਨਿਕ ਤੇ ਵਿਚਾਰਕ ਸਨ। ਉਹਨਾਂ ਨੇ ਆਪਣੇ ਜਗਿਆਸੂਆਂ ਨੂੰ ਅਧਿਆਤਮਕ ਉਲਝਣਾਂ ਨੂੰ ਸਮਝਾਉਣ ਲਈ ਤੇ ਉਹਨਾਂ ਦਾ ਹੱਲ ਕਰਨ ਲਈ, ਬੜੀ ਸਰਲ ਤੇ ਸਪਸ਼ਟ ਭਾਸ਼ਾ, ਪੰਜਾਬੀ 'ਚ 'ਜਪੁਜੀ' ਸਾਹਿਬ ਦੀ ਰਚਨਾ ਕੀਤੀ। ਇਹ ਅਧਿਆਤਮਵਾਦ 'ਤੇ ਲਿਖੀ ਗਈ ਸੰਸਾਰ ਪ੍ਰਸਿੱਧ ਆਧੁਨਿਕ ਬਾਣੀ ਹੈ। ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾਂਦਾ ਹੈ। ਇਹ ਪੌੜੀ ਛੰਦ 'ਚ ਲਿਖੀ ਗਈ ਹੈ ਤੇ ਜਗਿਆਸੂ 'ਚ ਅਧਿਆਤਮਵਾਦ ਦਾ ਵਿਕਾਸ, ਪੜਾਅ ਵਾਰ ਕਰਦੀ ਹੋਈ, ਪ੍ਰਗਤੀ ਦੇ ਪੰਧ ਤੇ ਚੱਲ ਕੇ, ਜੀਵ ਆਤਮਾ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾ ਦਿੰਦੀ ਹੈ। ਇਹ ਸਿੱਖੀ ਜੀਵਨ ਦਾ ਨਿਤਨੇਮ ਬਣ ਗਈ ਹੈ ਤੇ ਇਸ ਦੀਆਂ ਵਡਿਆਈਆਂ ਨੂੰ ਵਿਚਾਰਨ ਦਾ ਸਮਾਂ ਅੰਮ੍ਰਿਤ ਵੇਲਾ ਦੱਸਿਆ ਗਿਆ ਹੈ। ਇਸ ਵਿਚਾਰ ਨੂੰ ਇਸ ਮਹਾਨ ਰਚਨਾ ਦਾ ਕੇਂਦਰੀ ਭਾਵ ਵੀ ਕਿਹਾ ਜਾ ਸਕਦਾ ਹੈ 'ਅੰਮ੍ਰਿਤ ਵੇਲਾ ਸਚੁ ਨਾਓ, ਵਡਿਆਈ ਵਿਚਾਰ।।

ਗੁਰੂ ਨਾਨਕ ਦੇਵ ਜੀ ਇਕ ਬਹੁਤ ਵੱਡੇ ਸੰਤ ਕਵੀ ਵੀ ਸਨ। ਉਹਨਾਂ ਨੇ ਤਿੰਨ ਅਧਿਆਤਮਕ ਵਾਰਾਂ ਵੀ ਲਿਖੀਆਂ, ਜਿਹਨਾਂ ਦੇ ਨਾਮ ਹਨ: ਆਸਾ ਦੀ ਵਾਰ, ਮਾਝ ਦੀ ਵਾਰ ਤੇ ਮਲ੍ਹਾਰ ਦੀ ਵਾਰ। ਆਸਾ ਦੀ ਵਾਰ ਲੋਕਾਂ 'ਚ ਫੈਲੇ ਭਰਮਾਂ-ਵਹਿਮਾਂ, ਫੋਕੇ ਕਰਮ ਕਾਂਡਾਂ ਤੇ ਝੂਠੇ ਅਡੰਬਰਾਂ 'ਚੋਂ ਨਿਕਲ ਕੇ, ਮਾਨਵ ਨੂੰ ਸਾਦਾ ਤੇ ਸੱਚਾ ਸੁੱਚਾ ਜੀਵਨ ਜਿਊਣ ਵੱਲ ਸੇਧਿਤ ਕਰਦੀ ਹੈ। ਇਸ ਤੋਂ ਇਲਾਵਾ ਉਹਨਾਂ ਦੀਆਂ ਹੋਰ ਰਚਨਾਵਾਂ ਵੀ ਹਨ, ਜਿਵੇਂ- ਸਿੱਧ ਗੋਸ਼ਟਿ, ਸੋਹਲੇ, ਦੱਖਣੀ ਓਂਕਾਰ, ਪੱਟੀ, ਬਾਰਾਂ ਮਾਹ ਤੇ 974 ਸ਼ਬਦ ਹਨ। ਇਹ ਸਭ ਬਾਣੀਆਂ 'ਗੁਰ ਗ੍ਰੰਥ ਸਾਹਿਬ' 'ਚ ਦਰਜ ਸਭ ਬਾਣੀਆਂ ਨਾਲੋਂ ਸਰਵਉੱਤਮ ਦਰਜੇ ਦੀ ਹੈ।

ਗੁਰੂ ਨਾਨਕ ਦੇਵ ਜੀ ਵੇਦਾਂਤੀ ਸਨ। ਉਹ ਬਹੁ-ਮੂਰਤੀ ਪੂਜਾ ਦੇ ਵਿਰੁੱਧ ਸਨ। ਬੁੱਤ ਪੂਜਾ ਸਬੰਧੀ ਉਹਨਾਂ ਦੀ ਸੋਚ ਨਿਰਾਰਥਕ ਸੀ। ਰੂੜ੍ਹੀਵਾਦੀ ਕੁਸੰਸਕਾਰਾਂ ਦਾ ਵੀ ਉਹਨਾਂ ਨੇ ਰੱਜ ਕੇ ਵਿਰੋਧ ਕੀਤਾ। ਉਹਨਾਂ ਦਾ ਉਪਦੇਸ਼ ਸੀ, ਈਸ਼ਵਰ ਦੀ ਪ੍ਰਾਪਤੀ ਬਾਹਰੀ ਸਾਧਨਾਂ ਨਾਲ ਨਹੀਂ ਹੋ ਸਕਦੀ, ਸਗੋਂ ਸਰੀਰ ਦੇ ਅੰਦਰੂਨੀ ਸਾਧਨਾਂ ਦੇ ਚਿੰਤਨ ਨਾਲ ਹੋ ਸਕਦੀ ਹੈ। ਉਹਨਾਂ ਦੀ ਬਾਣੀ 'ਚ ਵੈਰਾਗ ਰਸ ਤਾਂ ਹੈ ਹੀ ਪਰ ਇਸ ਦੇ ਨਾਲ ਉਹਨਾਂ ਨੇ ਤਤਕਾਲੀਨ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਵੀ ਕੀਤਾ ਹੈ। ਸੰਤ ਸਾਹਿਤ 'ਚ ਉਹ ਉਹਨਾਂ ਸੰਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ, ਜਿਹਨਾਂ ਨੇ ਔਰਤ ਦੀ ਮਹਾਨਤਾ ਤੇ ਉਸ ਦਾ ਸਤਿਕਾਰ ਕਰਨ ਦਾ ਸਮਾਜ ਨੂੰ ਸੰਦੇਸ਼ ਦਿੱਤਾ। ਉਹਨਾਂ ਦੇ ਉਪਾਸਕ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਗੁਰੂ ਨਾਨਕ, ਗੁਰੂ ਨਾਨਕ ਦੇਵ ਜੀ, ਬਾਬਾ ਨਾਨਕ ਤੇ ਨਾਨਕ ਸ਼ਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਉਹ ਇਕ ਮਹਾਨ ਵਿਅਕਤਿਤਵ ਦੇ ਮਾਲਕ, ਦਾਰਸ਼ਨਿਕ, ਇਕ ਮਹਾਨ ਤਪੱਸਵੀ, ਯੋਗੀ, ਗ੍ਰਿਸਤੀ, ਸਮਾਜ ਸੁਧਾਰਕ, ਧਰਮ ਸੁਧਾਰਕ, ਇਕ ਉੱਚ ਕੋਟੀ ਦੇ ਕਵੀ, ਇਕ ਬਹੁਤ ਵੱਡੇ ਦੇਸ਼ ਭਗਤ ਤੇ ਵਿਸ਼ਵਵੰਧੂ- ਇਹਨਾਂ ਸਭ ਗੁਣਾਂ ਦੇ ਮਾਲਕ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਇੰ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਹਿੰਦੇ ਹਨ, ਵਿਖੇ ਹੋਇਆ ਤੇ ਉਹਨਾਂ ਨੇ ਆਪਣਾ ਆਖਰੀ ਜੀਵਨ ਆਪਣੇ ਪਰਿਵਾਰ ਕਰਤਾਰਪੁਰ (ਹੁਣ ਪਾਕਿਸਤਾਨ 'ਚ) ਵਿਖੇ ਬਤੀਤ ਕੀਤਾ ਤੇ ਉਹ ਇੱਥੇ ਹੀ 22 ਸਤੰਬਰ 1539 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਬਾਲਕ ਸਨ। ਸਕੂਲ ਪੜ੍ਹਦੇ ਸਮੇਂ ਹੀ ਉਹਨਾਂ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਨੂੰ ਅਧਿਆਪਕ ਨੇ ਕਿਹਾ ਕਿ ਇਸ ਬਾਲਕ 'ਚ ਕੋਈ ਅਲਾਹੀ ਨੂਰ ਹੈ। ਇਹ ਵੱਡਾ ਹੋ ਕੇ ਸਾਰੇ ਸੰਸਾਰ ਨੂੰ ਗਿਆਨ ਦੇਵੇਗਾ। ਪੰਜਾਬੀ ਦੇ ਇਕ ਅਖਾਣ 'ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ' ਦੇ ਅਰਥਾਂ ਅਨੁਸਾਰ ਅਧਿਆਪਕ ਦੀ ਇਹ ਭਵਿੱਖਬਾਣੀ ਸਹੀ ਸਾਬਤ ਹੋਈ। ਥੋੜ੍ਹਾ ਵੱਡਾ ਹੋਣ 'ਤੇ ਉਹਨਾਂ ਦੇ ਪਿਤਾ ਜੀ ਨੇ ਚਾਹਿਆ ਕਿ ਬਾਲਕ ਨਾਨਕ ਨੂੰ ਕਿਸੇ ਵਿਉਪਾਰ 'ਚ ਲਗਾ ਦਿੱਤਾ ਜਾਵੇ, ਪਰ ਇੱਥੇ ਵੀ ਉਹਨਾਂ ਦਾ ਮਨ ਨਾ ਟਿਕਿਆ। ਫਿਰ ਹੋਰ ਵੱਡਾ ਹੋਣ 'ਤੇ 16 ਸਾਲ ਦੀ ਉਮਰ 'ਚ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਵਿਆਹ ਕਰ ਦਿੱਤਾ। ਉਹਨਾਂ ਦੇ ਦੋ ਪੁੱਤਰ ਵੀ ਹੋਏ ਪਰ ਪਰਿਵਾਰਕ ਮੋਹ ਵੀ ਉਹਨਾਂ ਨੂੰ ਗ੍ਰਿਸਤੀ ਦੇ ਬੰਧਨਾਂ 'ਚ ਬੰਨ੍ਹ ਨਾ ਸਕਿਆ। ਜਿਸ ਮਕਸਦ ਲਈ ਉਹਨਾਂ ਨੇ ਅਵਤਾਰ ਧਾਰਿਆ ਸੀ, ਫਿਰ ਉਹ ਇਸ ਦੀ ਪੂਰਤੀ ਲਈ ਘਰੋਂ ਨਿਕਲ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਲਗਭਗ 30 ਸਾਲਾਂ 'ਚ ਆਪਣੀਆਂ ਉਦਾਸੀਆਂ ਭਾਵ ਚਾਰ ਯਾਤਰਾਵਾਂ ਪੂਰੀਆਂ ਕੀਤੀਆਂ। ਉਹ ਸਮੁੱਚੇ ਭਾਰਤਵਰਸ਼ ਤੇ ਏਸ਼ੀਆ ਦੇ ਕਈ ਦੇਸ਼ਾਂ 'ਚ ਆਪਣੇ ਉਦੇਸ਼ ਦੀ ਪੂਰਤੀ ਲਈ ਗਏ ਤੇ ਉਹਨਾਂ ਦੇ ਨਾਲ, ਉਹਨਾਂ ਦੇ ਦੋ ਸਾਥੀ ਭਾਈ ਬਾਲਾ ਤੇ ਭਾਈ ਮਰਦਾਨਾ ਵੀ ਨਾਲ ਸਨ। ਮਰਦਾਨਾ ਮੁਸਲਮਾਨ ਵਰਗ ਨਾਲ ਸਬੰਧ ਰੱਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸੰਦੇਸ਼ ਦਿੱਤਾ ਕਿ ਜਾਤ-ਪਾਤ ਤੇ ਸੰਪਰਦਾਏ ਤੋਂ ਉਪਰ ਮਹੱਤਵਪੂਰਨ ਹੁੰਦਾ ਹੈ 'ਮਾਨਵ ਦਾ ਮਾਨਵ ਨਾਲ ਪਿਆਰ' ਜਿਸ ਨੂੰ ਆਧੁਨਿਕ ਭਾਸ਼ਾ 'ਚ 'ਮਾਨਵਵਾਦ' ਕਿਹਾ ਜਾਂਦਾ ਹੈ ਕਿਉਂਕਿ ਸਾਡਾ ਸਾਰਿਆਂ ਦਾ ਇਕੋ ਪਿਤਾ ਪ੍ਰਮਾਤਮਾ ਹੀ ਹੈ ਤੇ ਅਸੀਂ ਸਾਰੇ ਉਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਔਲਾਦ ਹਾਂ, ਭਾਵ 'ਏਕ ਪਿਤਾ ਏਕਸ ਕੇ ਹਮ ਬਾਰਿਕ'। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਾਰਾ ਜੀਵਨ ਆਪਣੇ ਨਾਲ ਰੱਖ ਕੇ, ਉਹਨਾਂ ਨੇ ਸਾਰੇ ਸੰਸਾਰ ਨੂੰ 'ਸਮਾਜਿਕ ਬਰਾਬਰੀ' ਦਾ ਸੰਦੇਸ਼ ਦਿੱਤਾ। ਇਸ ਉਦਾਹਰਣ ਨੂੰ ਉਹਨਾਂ ਦੀ ਮਾਨਵਵਾਦੀ ਸੋਚ ਦਾ ਸਿਰਮੌਰ ਕਿਹਾ ਜਾ ਸਕਦਾ ਹੈ। ਇਸਦੀ ਸਾਡੇ ਅਜੋਕੇ ਸਮਾਜ ਨੂੰ ਬਹੁਤ ਜ਼ਰੂਰਤ ਹੈ। ਸਿੱਖ ਧਰਮ ਤੇ ਕਾਬਜ਼ ਜਥੇਬੰਦੀ ਦਾ ਇਹ ਪਰਮ-ਧਰਮ ਬਣਦਾ ਹੈ ਕਿ ਉਹ ਦਲਿਤ ਭਾਈਚਾਰੇ ਨੂੰ ਅਮਲੀ ਰੂਪ 'ਚ ਸਮਾਜਿਕ ਬਰਾਬਰੀ ਦਾ ਦਰਜਾ ਦੇਣ ਲਈ, ਆਪਣੇ ਸੱਚੇ ਦਿਲੋਂ ਉਪਰਾਲੇ ਕਰਨ ਨਾ ਕਿ ਉਹਨਾਂ ਨੂੰ ਹਾਸ਼ੀਏ 'ਤੇ ਧੱਕਣ, ਤਾਂ ਹੀ ਗੁਰੂ ਸਾਹਿਬ ਜੀ ਦੀ ਸਿਰਜੀ ਹੋਈ ਇਹ ਕਦਰ-ਕੀਮਤ, ਆਪਣੀ ਚਰਮ ਸੀਮਾ 'ਤੇ ਪਹੁੰਚ ਸਕੇਗੀ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਵੱਲੋਂ ਸਿਰਜਿਆ ਗਿਆ ਆਪਣਾ ਨਵਾਂ ਸਮਾਜ ਵੱਧ-ਫੁੱਲ ਕੇ ਸੰਸਾਰ ਦੀ ਸਾਰੀ ਪ੍ਰਕਿਰਤੀ ਨੂੰ ਆਪਣੇ ਕਲਾਵੇ 'ਚ ਲੈ ਸਕਣ ਦੇ ਸਮਰੱਥ ਹੋ ਜਾਵੇਗਾ।





ਪ੍ਰੋ: ਐਚ.ਐਲ. ਕਪੂਰ

**ਨੈਤਿਕਤਾ ਅਤੇ ਉੱਚਾ ਆਚਰਣ :-**

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੋ ਯਾਤਰਾਵਾਂ ਦੇ ਦੌਰਾਨ ਪਾਖੰਡੀ ਸਾਧਾਂ-ਫਕੀਰਾਂ, ਅਡੰਬਰ ਕਰਨ ਵਾਲਿਆਂ ਤੇ ਭਰਮਾਂ ਵਹਿਮਾਂ 'ਚ ਵਿਸ਼ਵਾਸ ਰੱਖਣ ਵਾਲਿਆਂ ਕਰੋੜਾਂ ਇਨਸਾਨਾਂ ਨੂੰ ਆਪਣੀ ਵਿਗਿਆਨਕ, ਤਰਕਸ਼ੀਲ ਤੇ ਆਪਣੇ ਅਧਿਆਤਮਕ ਗਿਆਨ ਨਾਲ, ਗਿਆਨਵਾਨ ਕਰਕੇ ਤੇ ਉਹਨਾਂ ਦਾ ਮਾਰਗ ਦਰਸ਼ਨ ਕਰਕੇ, ਆਤਮਾ ਤੇ ਪ੍ਰਮਾਤਮਾ ਨਾਲ ਜੋੜਿਆ ਤਾਂ ਕਿ ਸਮਾਜ 'ਚ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੋ ਸਕੇ ਤੇ ਇਹ ਸਭ ਵਰਗਾਂ ਦਾ ਸਾਂਝਾ ਭਾਈਚਾਰਾ ਬਣ ਕੇ, ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸੰਕਲਪ 'ਚ ਸਫਲਤਾ ਵੀ ਪ੍ਰਾਪਤ ਕੀਤੀ। ਇਸੇ ਲਈ ਹੀ ਤਾਂ ਉਹਨਾਂ ਨੂੰ ਸਭ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਤੇ ਉਹਨਾਂ ਨੂੰ ਸਭ ਧਰਮਾਂ ਦਾ 'ਸਾਂਝਾ ਗੁਰੂ' ਸਵੀਕਾਰਦੇ ਸਨ। ਇਹੀ ਕਾਰਨ ਹੈ ਕਿ ਉਹਨਾਂ ਦੀ ਵਿਚਾਰਧਾਰਾ ਨੇ ਇਕ ਨਵੇਂ ਸਮਾਜ 'ਸਿੱਖ ਸਮਾਜ' ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨੂੰ ਗਿਆਨਵਾਨ ਕਰਨ ਲਈ ਤੇ ਆਤਮਾ ਤੇ ਪ੍ਰਮਾਤਮਾ ਨਾਲ ਜੋੜਨ ਲਈ ਜੋ ਉਪਦੇਸ਼ ਦਿੱਤੇ, ਉਹ ਨਿਮਨ-ਲਿਖਤ ਅਨੁਸਾਰ ਹਨ:- ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਰੀਆਂ ਸਚਾਈਆਂ ਤੋਂ ਉਪਰ ਮਨੁੱਖ ਦਾ ਚਰਿੱਤਰ ਤੇ ਵਿਵਹਾਰ ਹੈ:- ਉਹ ਕਹਿੰਦੇ ਹਨ ਕਿ, 'ਸੱਚੋਂ ਓਹਰੇ ਸਭ ਕੋ ਓਪਰ ਸੱਚ ਆਚਾਰ।' ਹੇ ਮਾਨਵ! ਤੂੰ ਆਪਣੇ ਚੰਗੇ ਚਰਿੱਤਰ ਤੇ ਵਿਵਹਾਰ ਦਾ ਨਿਰਮਾਣ ਕਰ।

**ਵਾਹਿਗੁਰੂ ਦੀ ਰਜ਼ਾ 'ਚ ਰਹੋ:-** ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।' ਸੰਸਾਰ 'ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪ੍ਰਮਾਤਮਾ ਦੀ ਕਿਰਪਾ ਨਾਲ ਤੇ ਉਸ ਦੀ ਰਜ਼ਾ 'ਚ ਹੋ ਰਿਹਾ ਹੈ। ਇਸ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ? ਇਹ ਪ੍ਰਮਾਤਮਾ ਨੂੰ ਹੀ ਪਤਾ ਹੈ। ਚੰਗੇ ਜਾਂ ਮਾੜੇ ਨੂੰ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਦੁੱਖ ਜਾਂ ਸੁੱਖ ਆਉਣ ਤੇ ਸਾਨੂੰ ਕੋਈ ਪ੍ਰਸ਼ਨ ਨਹੀਂ ਕਰਨਾ ਚਾਹੀਦਾ। ਇਸ ਲਈ ਮਨੁੱਖ ਨੂੰ ਆਪਣਾ ਕੰਮ ਚਿੰਤਾ ਮੁਕਤ ਹੋ ਕੇ ਕਰਨਾ ਚਾਹੀਦਾ ਹੈ।

**ਪ੍ਰਮਾਤਮਾ ਇਕ ਹੈ:-** ਪ੍ਰਮਾਤਮਾ ਸਭ ਜਗ੍ਹਾ ਤੇ ਸਭ ਪ੍ਰਾਣੀਆਂ 'ਚ ਮੌਜੂਦ ਹੈ। 'ਨਾ ਕੋ ਹਿੰਦੂ ਨਾ ਮੁਸਲਮਾਨ'। ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਉਸ ਪ੍ਰਮਾਤਮਾ ਦਾ ਪੈਰੋਕਾਰ ਹਾਂ ਤੇ ਮੇਰਾ ਉਸ ਇਕੋ ਪ੍ਰਮਾਤਮਾ 'ਚ ਹੀ ਵਿਸ਼ਵਾਸ ਹੈ। ਪ੍ਰਮਾਤਮਾ ਸਰਵ ਵਿਆਪਕ ਹੈ। ਉਸ ਦੀ ਕੋਈ ਮੂਰਤ ਜਾਂ ਆਕਾਰ ਨਹੀਂ ਹੈ। ਉਹ ਸਦੀਵੀ ਹੈ ਤੇ ਨਜ਼ਰ ਵੀ ਨਹੀਂ ਆਉਂਦਾ। ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਸਿਰਫ ਪ੍ਰਮਾਤਮਾ ਹੀ ਸੀ। ਉਸ ਦੀ ਕਿਰਪਾ ਨਾਲ ਹੀ ਇਸ ਸੰਸਾਰਕ ਜਾਲ ਦੀ ਰਚਨਾ ਹੋਈ ਭਾਵ ਪ੍ਰਾਣੀ ਦੀ ਉਤਪੱਤੀ ਹੋਈ। ਸਿੱਖ ਸਿਧਾਂਤਾਂ ਅਨੁਸਾਰ ਪ੍ਰਮਾਤਮਾ ਕਿਸੇ ਲਿੰਗ ਜਾਂ ਪੁਲਿੰਗ ਜਾਂ ਨਿਪੁੰਸਕ ਲਿੰਗ ਦੀ ਸ਼ਕਲ ਸੂਰਤ 'ਚ ਨਹੀਂ ਹੈ। ਇਸ ਨੂੰ ਸਿਰਫ ਰੂਹਾਨੀਅਤ ਦੀਆਂ ਨਜ਼ਰਾਂ ਨਾਲ ਹੀ ਪਛਾਣਿਆ ਜਾ ਸਕਦਾ ਹੈ। ਉਹ ਸਭ 'ਤੇ ਬਖਸ਼ਿਸ਼ਾਂ ਕਰਦਾ ਹੈ ਤੇ ਸਾਨੂੰ ਉਸਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਪ੍ਰਮਾਤਮਾ ਦਾ ਪਸਾਰਾ ਬਹੁਤ ਹੈ ਤੇ ਇਕ ਜੀਵ ਆਤਮਾ ਆਪਣੀ ਸਾਰੀ ਆਰਜੂ 'ਚ ਉਸ ਦੇ ਪਸਾਰੇ ਦੀ ਜਾਣਕਾਰੀ ਹਾਸਲ ਨਹੀਂ ਕਰ ਸਕਦਾ।

**ਸਰਬੱਤ ਦਾ ਭਲਾ ਕਰੋ:-** ਗੁਰੂ ਸਾਹਿਬ ਦੀ ਵਿਚਾਰਧਾਰਾ ਸਰਬ ਵਿਆਪੀ ਤੇ ਵਿਸ਼ਵ ਵਿਆਪੀ ਹੈ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਕੇਵਲ ਸ਼ਬਦਾਂ ਦੀ ਦ੍ਰਿੜ੍ਹਤਾ ਹੀ ਨਹੀਂ ਹੈ ਸਗੋਂ ਸਾਰੀ ਮਾਨਵਤਾ ਦੇ ਪੁਰਸ਼ ਅਤੇ ਇਸਤਰੀਆਂ ਉਸ ਦੀ ਨਜ਼ਰ 'ਚ ਬਰਾਬਰ ਹਨ। ''ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਇਹ ਗੁਰਬਾਣੀ ਦੀਆਂ ਸੱਤਰਾਂ ਸਿੱਖ ਜਗਤ ਦੀ ਰੋਜ਼ਾਨਾ ਜੀਵਨ ਦੀ ਅਰਦਾਸ ਦਾ ਸਰਵਉਤਮ ਵਾਕ ਹੈ। ਇਸ ਲਈ ਗੁਰੂ ਜੀ ਆਖਦੇ ਹਨ ਕਿ ਹੇ, ਮਾਨਵ! ਤੂੰ ਰੱਬ ਦਾ ਨਾਮ ਜਪੁ ਤੇਰੀ ਹਮੇਸ਼ਾ ਚੜ੍ਹਦੀ ਕਲਾ ਰਹੇਗੀ ਤੇ ਤੂੰ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਵੇਗਾ। ਤੇਰੀਆਂ ਸਾਰੀਆਂ ਖੁਸ਼ੀਆਂ ਤੇਰੇ ਕੋਲ ਆ ਜਾਣਗੀਆਂ ਤੇ ਤੇਰੀ ਸੋਚ ਵੀ ਹਾਂ ਵਾਚੀ ਹੋ ਜਾਵੇਗੀ। ਸਰਬੱਤ ਦੇ ਭਲੇ ਦੀ ਸੋਚ, ਗੁਰੂ ਨਾਨਕ ਦੇਵ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਹੈ ਤੇ ਸਾਰੀ ਦੁਨੀਆਂ ਦੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਸਮੇਟਦੀ ਹੈ। ਉਹ ਇਸ ਭਲੇ 'ਚ ਆਪਣੀ ਨਿੱਜਤਾ ਦੀ ਗੱਲ ਨਹੀਂ ਕਰਦੇ।

**ਸਦਾ ਸੱਚ ਬੋਲੋ:-** ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦਾ ਸੱਚ ਬੋਲਣ ਦਾ ਸੰਦੇਸ਼ ਦਿੱਤਾ। ਬਾਬਰ ਬਾਣੀ 'ਚ ਉਹ ਬਾਬਰ ਦੇ ਮਾਨਵਤਾ 'ਤੇ ਕੀਤੇ ਜ਼ੁਲਮਾਂ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ, ਬਾਬਰ! ਮੈਂ ਤੈਨੂੰ ਸੱਚ-ਸੱਚ ਸੁਣਾ ਰਿਹਾ ਹਾਂ ਤੇ ਹੁਣ ਸੱਚ ਬੋਲਣ ਦਾ ਹੀ ਵੇਲਾ ਹੈ ਕਿ, ''ਤੂੰ ਬਾਬਰ ਨਹੀਂ ਹੈ, ਤੂੰ ਜਾਬਰ ਹੈ।'' ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਬਿਨਾਂ ਕਿਸੇ ਡਰ ਭੈਅ ਤੋਂ, ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਨੂੰ ਕਦੀ ਵੀ ਜ਼ੋਰ ਨਾਲ, ਝੂਠ ਬੋਲ ਕੇ ਦਬਾਇਆ ਨਹੀਂ ਜਾ ਸਕਦਾ ਤੇ ਸਾਨੂੰ ਹਮੇਸ਼ਾ ਸਚਾਈ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਲਈ ਹੀ ਬਾਬਰ ਨੂੰ ਉਹ ਸੰਬੋਧਨ ਕਰਕੇ ਕਹਿੰਦੇ ਹਨ:

''ਸੱਚ ਕੀ ਬਾਣੀ ਨਾਨਕ ਆਖੈ,
ਸੱਚ ਸੁਣਾਈਸੀ ਸੱਚ ਕੀ ਵੇਲਾ।''

**ਸੇਵਾ ਤੇ ਨਾਮ ਸਿਮਰਨ:-** ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਕਿਸੇ ਨੂੰ ਬਚਾਅ ਨਹੀਂ ਸਕਦਾ। ਸਿਰਫ ਗੁਰੂ ਦੀ ਸਿੱਖਿਆ ਹੀ, ਸਾਡਾ ਬਚਾਅ ਕਰ ਸਕਦੀ ਹੈ। ਇਸ ਲਈ ਸਹੀ ਰਸਤਾ ਸੇਵਾ ਤੇ ਸਿਮਰਨ ਦਾ ਹੀ ਹੈ। ਗੁਰੂ ਸਾਹਿਬ ਇਹ ਸੰਦੇਸ਼ ਵੀ ਦਿੰਦੇ ਹਨ ਕਿ ਗੁਰੂ ਦਾ ਵਾਸਾ ਵੱਡੇ-ਵੱਡੇ ਮਹਿਲਾਂ ਤੇ ਮਾੜੀਆਂ 'ਚ ਨਹੀਂ ਹੈ। ਉਹ ਹਮੇਸ਼ਾ ਗਰੀਬਾਂ, ਮਿਹਨਤ ਕਸ਼ਾਂ ਤੇ ਕਮਜ਼ੋਰਾਂ ਦੇ ਨਾਲ ਰਹਿੰਦਾ ਹੈ। ਇਸ ਲਈ ਗਰੀਬਾਂ ਨੂੰ ਹਮੇਸ਼ਾ ਪਿਆਰ ਕਰੋ ਤੇ ਇਸ ਪਿਆਰ ਦੇ ਬਦਲੇ 'ਚ ਪ੍ਰਮਾਤਮਾ ਤੁਹਾਡੇ 'ਤੇ ਹਮੇਸ਼ਾਂ ਹੱਥ ਰੱਖੇਗਾ। ਜੇਕਰ ਤੁਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਚੱਲੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਗੁਰੂ ਸਾਨੂੰ ਸੰਬੋਧਨ ਕਰ ਰਿਹਾ ਹੈ। ਅਸੀਂ ਆਪਣੇ ਜੀਵਨ 'ਚ ਚੰਗੇ ਅਮਲਾਂ 'ਤੇ ਚਲਦੇ ਹੋਏ, ਕਈ ਵਾਰ ਮਹਿਸੂਸ ਕਰਾਂਗੇ ਕਿ ਗੁਰੂ ਸਾਡੇ ਨਾਲ ਹੈ। ਇਸ ਲਈ ਅਸੀਂ ਜ਼ਿੰਦਗੀ ਦੇ ਕਾਰ ਵਿਹਾਰ ਕਰਦਿਆਂ, ਹਮੇਸ਼ਾ ਗੁਰਬਾਣੀ ਨਾਲ਼ ਜੁੜੇ ਰਹੀਏ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਵਸਰ ਕਰੀਏ। ਪ੍ਰੰਤੂ ਜਦੋਂ ਅਸੀਂ ਮਾਇਆ ਦੇ ਭਰਮਜਾਲ 'ਚ ਫਸ ਕੇ ਸੰਸਾਰਕ ਮਾਇਆ ਜਾਲ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ ਤੇ ਉਸ 'ਚੋਂ ਖੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਦਾ ਅਸਲੀ ਮਨੋਰਥ ਤੇ ਰਸਤਾ ਭੁੱਲ ਹੀ ਜਾਂਦੇ ਹਾਂ। ਅਸਲ 'ਚ ਧਰਮ ਹੀ ਇਕ ਅਜਿਹੀ ਅਨਮੋਲ ਚੀਜ਼ ਹੈ, ਜਿਹੜਾ ਸਾਨੂੰ ਸੇਵਾ ਅਤੇ ਸਿਮਰਨ ਦੀ ਸਿੱਖਿਆ ਦੇ ਕੇ, ਵਿਚਾਰਧਾਰਕ ਤੌਰ 'ਤੇ ਧਨਵਾਲ ਕਰਦਾ ਹੈ। ਸੇਵਾ ਕਰਨ ਵਾਲ਼ਾ ਇਨਸਾਨ ਹੀ ਸਮਾਜ 'ਚ ਸਤਿਕਾਰਿਆ ਜਾਂਦਾ ਹੈ ਤੇ ਗੁਰਬਾਣੀ ਅਨੁਸਾਰ ਸੇਵਾ ਤੇ ਸਿਮਰਨ ਕਰਨ ਵਾਲੇ ਇਨਸਾਨ ਨੂੰ ਪ੍ਰਮਾਤਮਾ ਦੇ ਦਰਬਾਰ 'ਚ ਆਦਰ ਸਤਿਕਾਰ ਤੇ ਮਾਣ ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਇਸ ਦਾ ਤਿਆਗ ਕਰੋ ਤੇ ਨਿਮਨ ਰਹਿ ਕੇ ਸੇਵਾ ਭਾਵਨਾ ਨਾਲ਼ ਆਪਣਾ ਜੀਵਨ ਵਸਰ ਕਰੋ।

*ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਉਪਦੇਸ਼ :- ਇਹ ਗੁਰੂ ਸਾਹਿਬ ਦੇ ਤਿੰਨੋਂ ਮੁੱਖ ਉਪਦੇਸ਼ ਹਨ।*

**(ੳ) ਕਿਰਤ ਕਰੋ-** ਹਮੇਸ਼ਾ ਸੱਚੀ-ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰੋ। ਕਿਸੇ ਨਾਲ਼ ਧੋਖਾ ਕਰਕੇ ਜਾਂ ਕਿਸੇ ਦਾ ਸ਼ੋਸ਼ਣ ਕਰਕੇ ਅਮੀਰ ਬਣਨ ਦੀ ਕੋਸ਼ਿਸ਼ ਨਾ ਕਰੋ। ਮਿਹਨਤ ਦੀ ਕਮਾਈ 'ਚ ਹੀ ਬਰਕਤ ਹੁੰਦੀ ਹੈ ਤੇ ਇਸ ਨਾਲ਼ ਜ਼ਿੰਦਗੀ 'ਚ ਪੂਰਾ ਆਨੰਦ ਆਉਂਦਾ ਹੈ। ਮਾਇਆ ਨੂੰ ਆਪਣੀ ਸੱਚੀ-ਸੁੱਚੀ ਕਿਰਤ ਨਾਲ਼ ਕਮਾਓ ਤੇ ਇਸ ਨੂੰ ਆਪਣੇ ਜੇਬ੍ਹ 'ਚ ਹੀ ਜਗਾ ਦਿਓ ਨਾ ਕਿ ਦਿਲ 'ਚ।

**(ਅ) ਵੰਡ ਛਕੋ-** ਹਮੇਸ਼ਾ ਵੰਡ ਕੇ ਛਕੋ, ਗਰੀਬ ਤੇ ਜ਼ਰੂਰਤਮੰਦਾਂ ਨੂੰ ਆਪਣੀ ਕਮਾਈ ਦਾ ਦਸਵੰਦ ਕੱਢ ਕੇ ਮਦਦ ਕਰੋ ਤੇ ਉਹਨਾਂ ਨੂੰ ਦਾਨ ਦੇ ਕੇ ਨੀਵਿਆਂ ਤੋਂ ਉੱਚੇ ਬਣਾਓ। ਇਸ ਨਾਲ਼ ਸਮਾਜ ਦਾ ਕਲਿਆਣ ਹੁੰਦਾ ਹੈ ਤੇ ਦਾਨੀ ਸੱਜਣ ਨੂੰ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

**(ੲ) ਨਾਮ ਜਪੋ-** ਪ੍ਰਮਾਤਮਾ ਦਾ ਹਮੇਸ਼ਾ ਨਾਮ ਜਪੋ। ਇਸ ਨਾਲ਼ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਇਸ ਨਾਲ਼ ਤਨ ਤੇ ਮਨ ਸਾਫ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਚੀਜ਼ ਦਾ ਡਰ ਨਹੀਂ ਰਹਿੰਦਾ। ਸਾਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ ਤੇ ਪ੍ਰਮਾਤਮਾ ਤੋਂ ਸਦਾ ਆਪਣੇ ਲਈ ਖਿਮਾ ਮੰਗਣੀ ਚਾਹੀਦੀ ਹੈ।

**ਪੰਜ ਬੁਰਾਈਆਂ ਤੋਂ ਹਮੇਸ਼ਾ ਬਚ ਕੇ ਰਹੋ-** ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਹਨਾਂ 'ਤੇ ਨਿਅੰਤਰਣ ਰੱਖਣ ਨਾਲ਼ ਇਨਸਾਨ ਬੁਰਾਈਆਂ ਦੀ ਦਲਦਲ 'ਚ ਨਹੀਂ ਫਸਦਾ। ਇਹਨਾਂ ਪ੍ਰਵਿਰਤੀਆਂ 'ਤੇ ਨਿਅੰਤਰਣ ਰੱਖਣ ਵਾਲ਼ਾ ਇਨਸਾਨ ਸੰਤੁਲਿਤ ਜੀਵਨ ਜਿਉਂਦਾ ਹੈ ਤੇ ਇਹਨਾਂ ਦੀ ਦਲਦਲ ਵਿਚ ਫਸਣ ਵਾਲ਼ਾ ਮਨੁੱਖ ਬੁਰਾਈਆਂ ਤੋਂ ਨਵਿਰਤੀ ਪ੍ਰਾਪਤ ਨਹੀਂ ਕਰ ਸਕਦਾ। ਭੋਜਨ ਪ੍ਰਾਣੀ ਮਾਤਰ ਲਈ, ਉਸ ਨੂੰ ਜਿੰਦਾ ਰੱਖਣ ਵਾਸਤੇ ਹੈ ਪਰ ਲੋਭ-ਲਾਲ਼ਚ 'ਚ ਆ ਕੇ ਇਸ ਨੂੰ ਸੰਗ੍ਰਹਿ ਕਰਨਾ ਬੁਰੀ ਆਦਤ ਹੈ।

**ਗੁਰੂ ਦੀ ਮਹੱਤਤਾ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਾਸਕਾਂ ਨੂੰ ਗੁਰੂ ਦੀ ਮਹੱਤਤਾ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਦੀ ਮਨੁੱਖੀ ਜੀਵਨ 'ਚ ਬੜੀ ਮਹੱਤਤਾ ਹੈ। ਗੁਰੂ ਤੋਂ ਬਿਨਾਂ ਗਤੀ ਜਾਂ ਮੁਕਤੀ ਨਹੀਂ ਹੋ ਸਕਦੀ। ਜ਼ਿੰਦਗੀ 'ਚ ਗੁਰੂ ਹੀ ਮਾਨਵ ਨੂੰ ਵਧੀਆ ਜੀਵਨ ਜਾਂਚ ਦੱਸਦਾ ਹੈ ਤੇ ਉਸ ਨੂੰ ਸਿੱਧੇ ਰਸਤੇ 'ਤੇ ਪਾਉਂਦਾ ਹੈ। ਇਨਸਾਨ ਨੂੰ ਮੁਕਤੀ, ਤੀਰਥ ਯਾਤਰਾ ਕਰਨ ਨਾਲ਼ ਜਾਂ ਪਾਠ ਪੂਜਾ ਕਰਨ ਨਾਲ਼ ਨਹੀਂ ਮਿਲਦੀ ਸਗੋਂ ਗੁਰੂ ਦੁਆਰਾ ਜ਼ਿੰਦਗੀ ਜਿਊਣ ਲਈ ਦੱਸੇ ਵਧੀਆ ਸਿਧਾਂਤਾਂ ਨੂੰ ਜੀਵਨ 'ਚ ਅਪਣਾ ਕੇ ਤੇ ਅਮਲੀ ਰੂਪ ਦੇਣ ਨਾਲ਼ ਮਿਲਦੀ ਹੈ। ਇਸ ਨਹੀਂ ਮਨੁੱਖ ਨੂੰ ਆਪਣਾ ਤਨ, ਮਨ ਤੇ ਆਤਮਾ ਨੂੰ ਸਾਫ ਰੱਖਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਾਨਵ ਆਪਣੇ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ 'ਤੇ ਅਮਲ ਕਰੇਗਾ। ਗੁਰੂ ਹੀ ਮਾਨਵ ਨੂੰ ਗਿਆਨਵਾਨ ਕਰ ਸਕਦਾ ਹੈ ਤੇ ਗਿਆਨ ਹੀ ਬੰਦੇ ਦੀਆਂ ਮੁਸੀਬਤਾਂ 'ਚੋਂ ਨਿਕਲਣ ਨਹੀਂ ਮੁਕਤੀ ਦਾ ਰਾਹ ਦੱਸਦਾ ਹੈ। ਇਸ ਨਹੀਂ ਮਨੁੱਖ ਜਿੰਨਾ ਵੀ ਗਿਆਨਵਾਨ ਹੋਵੇਗਾ, ਉਤਨੇ ਹੀ ਦੁੱਖ ਤੇ ਤਕਲੀਫਾਂ, ਉਸ ਤੋਂ ਦੂਰ ਰਹਿਣਗੇ। ਗੁਰੂ ਨਾਨਕ ਦੇਵ ਜੀ ਗੁਰੂ ਦੀ ਆਵਾਜ਼ ਨੂੰ, ਪ੍ਰਮਾਤਮਾ ਦੀ

(ਬਾਕੀ ਅਗਲੇ ਸਫੇ 'ਤੇ)

# ਕਾਸ਼! ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਹੁੰਦਾ?

ਆਵਾਜ਼ ਕਹਿੰਦੇ ਹਨ, ਕਿਉਂਕਿ ਉਹ ਹੀ ਉਸ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਸਿੱਖ ਧਰਮ 'ਚ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਗੁਰੂ ਨਹੀਂ ਹੈ। ਇਸੇ ਨਹੀਂ ਗੁਰਬਾਣੀ 'ਚ ਫੁਰਮਾਨ ਆਉਂਦਾ ਹੈ ਕਿ, ''ਸਭ ਤੇ ਵੱਡਾ ਸਤਿਗੁਰ ਨਾਨਕ, ਜਿਨੁ ਕਲ ਰਾਖੀ ਮੇਰੀ।।''

**ਕਿਸੇ ਨਾ.ਲ ਭੇਦ-ਭਾਵ ਨਾ ਕਰੋ-** ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਨੂੰ ਕਿਸੇ ਵੀ ਮਾਨਵ ਨਾ.ਲ ਜਾਤ-ਪਾਤ, ਰੰਗ, ਨਸਲ ਤੇ ਬੋਲੀ ਆਦਿ ਤੇ ਆਧਾਰ 'ਤੇ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਸਭ ਮਾਨਵ ਉਸ ਪ੍ਰਮਾਤਮਾ ਦੇ ਜੀਵ ਹਨ ਤੇ ਮਨੁੱਖ ਦੀ ਜਾਤ, ਮਨੁੱਖਤਾ ਹੀ ਹੈ। ਇਹ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਭ ਅਮੀਰਾਂ ਦੀ ਉਪਜ ਹਨ ਜੋ ਉਹਨਾਂ ਨੇ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਕਰਨ ਲਈ ਬਣਾਏ ਹੋਏ ਹਨ। ਇਸ ਲਈ ਜਾਤ-ਪਾਤ ਤੇ ਊਚ ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ, ਗੁਰੂ ਜੀ ਨੇ ਸੰਗਤ, ਪੰਗਤ ਤੇ ਲੰਗਰ ਦੀ ਰੀਤ ਚਲਾਈ ਤਾਂ ਜੋ ਮਾਨਵਤਾ 'ਚ 'ਸਮਾਜਿਕ ਬਰਾਬਰੀ ਆ ਸਕੇ। ਗੁਰੂ ਸਾਹਿਬ ਨੇ ਜਾਤ ਪਾਤ ਤੇ ਊਚ-ਨੀਚ ਦੇ ਭੇਦ ਭਾਵ ਨੂੰ ਮੁੱਢੋਂ ਨਕਾਰ ਦਿੱਤਾ ਤੇ ਇਸਦਾ ਰੱਜ ਕੇ ਵਿਰੋਧ ਕੀਤਾ।

**ਭਰਮਾਂ ਵਹਿਮਾਂ ਤੇ ਕਰਮ ਕਾਂਡਾਂ ਦਾ ਵਿਰੋਧ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਭਰਮਾਂ ਵਹਿਮਾਂ 'ਚ ਨਾ ਫਸਣ ਤੇ ਝੂਠੇ ਕਰਮ ਕਾਂਡ ਜਾਂ ਸੰਸਕਾਰ ਨਾ ਅਪਣਾਉਣ ਦੀ ਸਿੱਖਿਆ ਦਿੱਤੀ। ਤਰ੍ਹਾਂ-ਤਰ੍ਹਾਂ ਦੀ ਮੂਰਤੀ ਪੂਜਾ ਦਾ ਵੀ ਉਹਨਾਂ ਨੇ ਵਿਰੋਧ ਕੀਤਾ ਤੇ ਮਾਨਵ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਇਕ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਕਰਤਾ ਹੈ। ਇਸ ਨਹੀਂ ਸਾਨੂੰ ਇਕੋ ਪ੍ਰਮਾਤਮਾ 'ਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਸ ਦਾ ਕੋਈ ਆਕਾਰ ਜਾਂ ਸ਼ਕਲ ਨਹੀਂ ਹੈ। ਉਹ ਜੂਨਾਂ 'ਚ ਵੀ ਨਹੀਂ ਪੈਂਦਾ, ਉਸਦਾ ਨਾਮ ਵੀ ਸੱਚਾ ਹੈ, ਉਸਦਾ ਕਿਸੇ ਨਾ.ਲ ਵੈਰ ਨਹੀਂ ਹੈ, ਉਹ ਕਿਸੇ ਤੋਂ ਡਰਦਾ ਵੀ ਨਹੀਂ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਹ ਪ੍ਰਮਾਤਮਾ ਦੀ ਸੱਚੀ-ਸੁੱਚੀ ਮੂਰਤ+ ਆਪ ਹੀ ਹੈ। ਇਸ ਨੂੰ ਗੁਰੂ ਦੀ ਕਿਰਪਾ ਨਾ.ਲ ਪਾਇਆ ਜਾ ਸਕਦਾ ਹੈ। ਉਹ ਅੱਜ ਵੀ ਸੱਚਾ ਹੈ ਤੇ ਹਮੇਸ਼ਾ ਸੱਚਾ ਰਹੇਗਾ। ਇਸਤਰੀ ਦਾ ਸਤਿਕਾਰ ਕਰੋ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ''। ਉਸ ਔਰਤ ਦਾ ਸਤਿਕਾਰ ਕਰੋ ਜਿਸ ਤੋਂ ਜੀਵ ਦੀ ਉਤਪੱਤੀ ਹੁੰਦੀ ਹੈ ਤੇ ਰਾਜੇ ਮਹਾਰਾਜੇ ਵੀ ਔਰਤ ਤੋਂ ਹੀ ਪੈਦਾ ਹੁੰਦੇ ਹਨ। ਇਸ ਨਹੀਂ ਸਾਨੂੰ ਇਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

**ਆਪਣੇ ਮਨ ਨੂੰ ਜਿੱਤੋ-** ''ਮਨ ਜੀਤੈ ਜਗੁ ਜੀਤ'' ਹੇ, ਮਨੁੱਖ ਪਹਿਲੇ ਤੂੰ ਆਪਣੇ ਮਨ ਤੇ ਕਾਬੂ ਪਾ, ਫਿਰ ਹੀ ਤੂੰ ਸਾਰੇ ਸੰਸਾਰ 'ਤੇ ਜਿੱਤ ਪ੍ਰਾਪਤ ਕਰ ਸਕਦਾ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਅੱਜ ਤੋਂ ਕੋਈ ਪੰਜ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਸਾਰਥਕ ਸਨ। ਇਹ ਪੂਰਨ ਜੀਵਨ ਜਿਊਣ ਲਈ ਜੀਵਨ ਜਾਚ ਸਿਖਾਉਣ ਦੇ ਪੂਰਨ ਸਮਰੱਥ ਹਨ। ਇਹਨਾਂ ਉਕਤ ਸ਼ੁਭ ਉਪਦੇਸ਼ਾਂ ਨਾ.ਲ ਗੁਰੂ ਸਾਹਿਬ ਨੇ ਮਾਨਵ ਨੂੰ ਗੁਰਮਤਿ ਦੇ ਸਿਧਾਂਤਾਂ ਨਾ.ਲ, ਗਿਆਨ ਦੇ ਰਸਤੇ 'ਤੇ ਪਾਇਆ ਤਾਂ ਜੋ ਉਹ ਪ੍ਰਮਾਤਮਾ ਨੂੰ ਪਾਉਣ ਦੇ ਰਸਤੇ 'ਤੇ ਚੱਲ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਣ ਤੇ ਆਪਣੇ ਸਾਰਥਕ ਜੀਵਨ 'ਚ ਵੀ ਸਫਲਤਾ ਪ੍ਰਾਪਤ ਕਰ ਸਕਣ। ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ, ਇਕ ਮਨੁੱਖੀ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਕੀਤਾ ਜਾ ਸਕਦਾ ਹੈ ਤੇ ਹੱਥੀਂ ਕਿਰਤ ਕਰਨ ਦਾ ਸਿਧਾਂਤ ਹੀ ਕਿਸੇ ਕੌਮ ਦੇ ਸਭਿਆਚਾਰ ਨੂੰ ਜਿੰਦਾ ਰੱਖ ਸਕਦਾ ਹੈ। ਉਹਨਾਂ ਦੇ ਨਾਮ ਜਪਣ, ਵੰਡ ਛਕਣ, ਕਿਰਤ ਕਰਨ ਤੇ ਮਨੁੱਖ ਦੇ ਆਪਣੇ ਆਚਾਰ ਵਿਵਹਾਰ ਭਾਵ ਨੈਤਿਕਤਾ ਤੇ ਉੱਚਾ ਆਚਰਣ ਰੱਖਣਾ ਆਦਿ ਬੜੇ ਸਰਵ-ਪ੍ਰਥਮ ਤੇ ਮਹੱਤਵਪੂਰਨ ਉਪਦੇਸ਼ ਹਨ। ਸੱਚੀ-ਸੁੱਚੀ ਕਿਰਤ ਕਰਨਾ ਗੁਰੂ ਸਾਹਿਬ ਦਾ ਇਕ ਦਾਰਸ਼ਨਿਕ ਉਪਦੇਸ਼ ਹੈ। ਗੁਰੂ ਸਾਹਿਬ ਦਾ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੇ ਉਪਦੇਸ਼ ਨੂੰ ਧਾਰਨ ਕਰਨ ਨਾ.ਲ ਅਜੋਕੇ ਗੰਧਲੇ ਵਾਤਾਵਰਣ ਨਾ.ਲ ਸਬੰਧਤ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ ਤੇ ਇਸ ਉਪਦੇਸ਼ ਨਾ.ਲ ਸਾਡੇ ਕੁਦਰਤੀ ਸਰੋਤਾਂ ਦੀ ਚੰਗੀ ਤਰ੍ਹਾਂ ਸੰਭਾਲ ਵੀ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦੇ ਉਪਦੇਸ਼ਾਂ ਨਾ.ਲ ਗੁਰੂ ਸਾਹਿਬ ਦੇ ਮਾਨਵਵਾਦੀ ਸੰਦੇਸ਼ ਨੂੰ ਸਮਾਜ 'ਚ ਬਰਾਬਰੀ ਲਿਆਉਣ ਲਈਂ ਚੰਗਾ ਹੁੰਗਾਰਾ ਮਿਲ ਸਕਦਾ ਹੈ।

ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੇ ਸਮੇਂ ਭਾਰਤ ਤੇ ਏਸ਼ੀਆ ਦੇ ਵੱਖ-ਵੱਖ ਇਲਾਕਿਆਂ 'ਚ ਜਾਣ ਨਾ.ਲ ਤੇ ਉਥੋਂ ਦੇ ਲੋਕਾਂ ਨਾ.ਲ ਸੰਵਾਦ ਰਚਣ ਨਾ.ਲ ਭਾਸ਼ਾਈ ਵੱਖਰਤਾ ਪੈਦਾ ਹੋਈ। ਜਿਸ ਦਾ ਪ੍ਰਤੱਖ ਪ੍ਰਮਾਣ ਸਾਨੂੰ ਉਹਨਾਂ ਦੀ ਰਚਿਤ ਬਾਣੀ 'ਚੋਂ ਮਿਲ ਜਾਂਦਾ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਅਜੋਕੇ ਸਮੇਂ 'ਚ ਸਿੱਖ ਧਰਮ ਵਹਿਮਾਂ-ਭਰਮਾਂ, ਅੰਧ ਵਿਸ਼ਵਾਸਾਂ ਤੇ ਮੂਰਤੀ ਜਾਂ ਤਸਵੀਰ ਪੂਜਾ 'ਚ ਬੁਰੀ ਤਰ੍ਹਾਂ ਉਲਝ ਗਿਆ ਹੈ। ਇਹਨਾਂ ਅਨੇਕਾਂ ਕੁਰੀਤੀਆਂ ਨੂੰ ਬਾਬਾ ਨਾਨਕ ਨੇ ਬੜੇ ਸੁਲਝੇ ਹੋਏ ਢੰਗ, ਦਲੀਲ ਤੇ ਸੰਵਾਦ ਰਚਾਅ ਕੇ ਦੂਰ ਕੀਤਾ ਸੀ। ਕਾਸ਼! ਬਾਬਾ ਨਾਨਕ ਆਪ ਆ ਕੇ ਦੇਖਣ ਤਾਂ ਉਹਨਾਂ ਨੂੰ ਉਹਨਾਂ ਦੇ ਸਿਰਜੇ ਹੋਏ ਨਵੇਂ ਸਮਾਜ ਨੂੰ ਦੇਖ ਕੇ ਬੜਾ ਦੁੱਖ ਹੋਵੇਗਾ? ਲੋਕ ਉਹਨਾਂ ਦੇ ਉਪਦੇਸ਼ਾਂ ਨੂੰ 'ਮੰਨਣ' ਲਈ ਤਾਂ ਹਾਮੀ ਭਰਦੇ ਹਨ ਪਰ 'ਅਪਣਾਉਣ' ਨੂੰ ਤਿਆਰ ਨਹੀਂ ਹਨ। ਅੱਜ ਉਸ ਦਾ ਸਿੱਖ ਆਪਣੀ ਪਛਾਣ ਬਣਾਉਣ ਲਈ ਦੁਨੀਆਂ ਭਰ 'ਚ ਕੋਸ਼ਿਸ਼ ਕਰ ਰਿਹਾ ਹੈ? ਉਹਨਾਂ ਨੂੰ 'ਸਿੱਖ' ਬਣਨ ਨਾ.ਲੋਂ 'ਸਿੱਖ ਦਿਸਣ' ਲਈ ਹਰ ਹੀਲਾ ਭਾਵ ਹਰ ਪ੍ਰਕਾਰ ਦੇ ਸਾਧਨਾਂ ਦੀ ਜ਼ਰੂਰਤ ਕਿਉਂ ਪੈ ਰਹੀ ਹੈ? ਕਰੋੜਾਂ ਪੈਰੋਕਾਰ ਆਪਣੀ ਗੱਲ ਦੂਜਿਆਂ ਤੱਕ ਪਹੁੰਚਾਉਣ ਲਈ ਲਾਚਾਰ ਕਿਉਂ ਹਨ? ਬਾਬਾ ਨਾਨਕ ਪਾਸ ਤਾਂ ਉਸ ਸਮੇਂ ਸਿਰਫ ਸੰਵਾਦ ਰਚਾਉਣ ਦਾ ਹੀ ਇਕ ਤਰੀਕਾ ਸੀ। ਉਸ ਸਮੇਂ ਸਹਾਇਤਾ ਨਹੀਂ ਕੋਈ ਪ੍ਰਸਾਰ ਸਾਧਨ ਵੀ ਨਹੀਂ ਸਨ। ਗੁਰੂ ਸਾਹਿਬ ਦਾ ਰਚਿਆ 'ਮਾਨਵਵਾਦੀ' ਇਤਿਹਾਸ, ਅੱਜ ਸਾਰੀ ਮਨੁੱਖਤਾ ਨੂੰ, ਮਾਨਵਵਾਦੀ ਤੇ ਚਿੰਤਾ ਮੁਕਤ ਕਿਉਂ ਨਹੀਂ ਬਣਾ ਸਕਿਆ?

**ਸਿੱਖ ਧਰਮ ਦੇ ਵਿਆਖਿਆਕਾਰ ਵਧੀਆ-** ਵਧੀਆ ਵਿਆਖਿਆ ਕਰਕੇ ਤੇ ਪ੍ਰਚਾਰਕ ਆਪਣੇ ਲੱਛੇਦਾਰ ਪ੍ਰਵਚਨਾਂ ਨਾ.ਲ, ਕੀਰਤਨ ਕਰਨ ਵਾਲੇ ਰਾਗੀ ਆਪਣੀ ਸੁਰੀਲੀ ਆਵਾਜ਼ ਨਾ.ਲ ਤੇ ਸਿੱਖ ਸ਼ਰਧਾਲੂ 'ਗੁਰੂ ਗ੍ਰੰਥ ਸਾਹਿਬ' ਨੂੰ ਮੱਥਾ ਟੇਕ ਕੇ ਹੀ ਆਪਣੀ ਸੰਤੁਸ਼ਟੀ ਸਮਝ ਲੈਂਦੇ ਹਨ। ਗੁਰਬਾਣੀ ਪਾਠ ਨੂੰ ਪੜ੍ਹ ਕੇ, ਸੁਣ ਕੇ ਤੇ ਸਮਝ ਕੇ ਗੁਰਬਾਣੀ ਸਿਧਾਂਤਾਂ ਨੂੰ ਅਪਣਾਉਣ ਦੀ ਥਾਂ, ਉਹਨਾਂ ਦੀ ਪੂਜਾ ਜਾਂ ਉਸ ਨੂੰ ਮੰਤਰ ਬਣਾ ਲਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਆਪਣੇ ਸਮੇਂ 'ਚ ਹਰ ਗੱਲ ਨੂੰ ਸਮਝਣ ਨਹੀਂ ਪ੍ਰਸ਼ਨ ਕਰਦੇ ਸਨ ਪਰ ਅੱਜ ਪ੍ਰਸ਼ਨਾਂ ਨੂੰ ਆਪਣੀ ਅੰਨ੍ਹੀ ਸ਼ਰਧਾ ਦੀ ਚਾਦਰ ਨਾ.ਲ ਢਕ ਦਿੱਤਾ ਹੈ। ਪ੍ਰਸ਼ੰਸਾ ਤੇ ਸ਼ਰਧਾ ਨਾ.ਲ ਵਿਚਾਰਕ ਚਿੰਤਨ ਨਹੀਂ ਹੁੰਦੀ?

ਅਸੀਂ ਤੋਂ 50 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ 500 ਵੀ ਜਨਮ ਸ਼ਤਾਬਦੀ 1969 'ਚ ਬੜੀ ਧੂੰਮ-ਧਾਮ ਨਾ.ਲ ਮਨਾਈ ਸੀ। ਉਹ ਦਿਨ ਮੇਰੇ ਅਧਿਆਪਨ ਖੇਤਰ ਦੇ ਸ਼ੁਰੂਆਤੀ ਦਿਨ ਸਨ। ਇਹਨਾਂ 50 ਸਾਲਾਂ ਵਿਚ ਮੈਂ ਸਿੱਖ ਧਰਮ ਨੂੰ ਬ੍ਰਾਹਮਣਵਾਦੀ ਕਰਮਕਾਂਡਾਂ ਤੇ ਅੰਧ ਵਿਸ਼ਵਾਸ਼ਾਂ ਤੋਂ ਭੋਰਾ ਵੀ ਮੁਕਤ ਹੁੰਦੇ ਨਹੀਂ ਦੇਖਿਆ, ਸਗੋਂ ਸਿੱਖ ਪਹਿਲਾਂ ਨਾ.ਲੋਂ ਵੀ ਜ਼ਿਆਦਾ ਨਿਰਾਰਥਕੀ ਸੋਚ 'ਚ ਗ੍ਰਸ ਗਏ ਹਨ ਜਦੋਂ ਕਿ ਪਿਛਲੇ ਇੰਨੇ ਸਮੇਂ 'ਚ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ ਤੇ ਕੁਦਰਤ ਦੇ ਅਨੇਕਾਂ ਰਹੱਸਾਂ ਦਾ ਮਨੁੱਖ ਨੂੰ ਚਾਨਣਾ ਪਾਇਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ ਤੇ ਜਥੇਬੰਦੀਆਂ ਨੇ 550 ਸਾਲਾਂ ਦੇ ਬੜੇ ਲੰਮੇ ਸਮੇਂ 'ਚ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਬੜੇ ਜ਼ੋਰ-ਜ਼ੋਰ ਨਾ.ਲ ਲਾਗੂ ਹੀ ਨਹੀਂ ਕੀਤਾ ਸਗੋਂ ਇਹਨਾਂ ਧਾਰਮਿਕ ਸਥਾਨਾਂ ਤੇ ਜਥੇਬੰਦੀਆਂ ਨੇ ਇਸ ਨੂੰ ਇਕ ਵਧੀਆ ਵਿਉਪਾਰ ਬਣਾ ਲਿਆ ਹੈ ਤੇ ਭੋਲੇ-ਭਾਲੇ ਲੋਕ ਇਸ ਦੁਖਾਂਤ ਨੂੰ ਸਮਝ ਹੀ ਨਹੀਂ ਰਹੇ। ਜਿਹਨਾਂ ਪੂਜਾ-ਪਾਠਾਂ, ਕਰਮ ਕਾਂਡਾਂ, ਮੂਰਤੀ ਪੂਜਾ, ਪਖੰਡਾਂ, ਸਜਦੇ ਕਰਨਾ, ਲੰਮੇ ਪੈ ਕੇ ਡੰਡੌਤਾਂ ਕਰਨਾ ਤੇ 'ਗੁਰੂ ਗ੍ਰੰਥ ਸਾਹਿਬ' ਅੱਗੇ ਹੱਥ ਜੋੜ ਕੇ ਅਰਦਾਸਾਂ ਕਰਨ ਤੇ ਅਰਦਾਸਾਂ 'ਚ ਆਪਣੀਆਂ ਮੰਗਾਂ ਮੰਨਣਾ ਤੇ ਪ੍ਰਮਾਤਮਾ ਦੇ ਭਰੋਸੇ 'ਤੇ ਕੁਝ ਕਿਰਤ ਕਰਨ ਵਰਗੇ ਗੁਰੂ ਸਾਹਿਬ ਦੇ ਮਹਾਨ ਉਪਦੇਸ਼ ਦੀਆਂ ਧੱਜੀਆਂ ਉਡਾਉਣਾ ਹੈ। ਇਸ ਤਰ੍ਹਾਂ ਬਿਨਾਂ ਕਿਰਤ ਕੀਤਿਆਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਮੈਂ ਇੱਥੇ ਮੁਆਫ਼ੀ ਚਾਹੁੰਦਾ ਹਾਂ ਕਿ ਅਰਦਾਸ ਨੇ ਸ਼ਰਧਾਲੂਆਂ ਨੂੰ ਭਿਖਾਰੀ ਬਣਾ ਦਿੱਤਾ ਹੈ ਜਦੋਂ ਕਿ ਗੁਰੂ ਸਾਹਿਬ ਸਾਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ। ਇਮਾਨਦਾਰੀ ਦੀ ਸੱਚੀ-ਸੁੱਚੀ ਕਿਰਤ ਨਾ.ਲ ਜੀਵਨ 'ਚ ਆਪਣੀ ਹਰ ਖਾਹਿਸ਼ ਪੂਰੀ ਕੀਤੀ ਜਾ ਸਕਦੀ ਹੈ। ਕਿਰਤ ਦੇ ਸਿਧਾਂਤ ਦਾ ਗੁਰੂ ਸਾਹਿਬ ਦਾ ਇਹੀ ਸਾਡੇ ਨਹੀਂ ਸੰਦੇਸ਼ ਹੈ।

ਸਿੱਖ ਧਰਮ ਤੇ ਇਕ ਵਿਸ਼ੇਸ਼ ਵਰਗ ਦਾ ਕਬਜ਼ਾ ਹੈ। ਇਹ ਵਰਗ ਖੁਦ ਦਲਿਤ ਹੈ ਤੇ ਜਦ ਕੋਈ ਕਿਸੇ ਦੂਸਰੇ ਵਰਗ ਦਾ ਦਲਿਤ ਜਾਂ ਗਰੀਬ ਆਦਮੀ ਸਿੱਖ ਧਰਮ ਅਪਣਾਉਂਦਾ ਹੈ ਤਾਂ ਉਸ ਨੂੰ ਇਹ ਵਿਸ਼ੇਸ਼ ਵਰਗ ਆਪਣੇ ਬਰਾਬਰ ਦਾ ਦਰਜਾ ਨਹੀਂ ਦਿੰਦਾ ਤੇ ਉਸ ਨੂੰ ਦੂਸਰੇ ਦਰਜੇ ਦਾ ਸਿੱਖ ਸਮਝਦਾ ਹੈ। ਇਸੇ ਵਿਤਕਰੇ ਨਾ.ਲ ਗੁਰੂ ਨਾਨਕ ਸਾਹਿਬ ਦੇ ਮਾਨਵਤਾਵਾਦੀ ਸਮਾਜਿਕ-ਬਰਾਬਰੀ ਦੇ ਸੰਦੇਸ਼ 'ਤੇ ਸੱਟ ਵੱਜਦੀ ਹੈ। ਗੁਰੂ ਸਾਹਿਬ ਨੇ ਹਰ ਸਿੱਖ ਨਹੀਂ 'ਭਾਈ' ਸ਼ਬਦ ਦਾ ਖਿਤਾਬ ਦਿੱਤਾ ਹੈ ਜਿਸ ਦਾ ਅਰਥ ਹੈ ਭਰਾ ਭਾਵ ਜੋ ਵੀ ਸਿੱਖ ਧਰਮ ਦਾ ਸ਼ਰਧਾਲੂ ਬਣ ਗਿਆ, ਉਹ ਸਭ ਦਾ ਭਰਾ ਹੈ ਤੇ ਭਰਾਵਾਂ 'ਚ ਵਿਤਕਰਾ ਨਹੀਂ ਹੁੰਦਾ, ਉਹ ਸਭ ਹੱਕ-ਹਕੂਕ ਬਰਾਬਰ ਰੱਖਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਸਾਡੇ ਸਾਹਮਣੇ ਭਾਈ ਮਰਦਾਨੇ ਜੀ ਦੀ ਹੈ, ਜਿਸ ਨੇ ਗੁਰੂ ਸਾਹਿਬ ਦਾ ਸਾਰੀ ਉਮਰ ਸਾਥ ਦਿੱਤਾ ਤੇ ਉਹ ਗੁਰੂ ਸਾਹਿਬ ਦੇ ਅੰਗ-ਸੰਗ ਰਿਹਾ ਤੇ ਭੋਰਾ ਵੀ ਭਰਾਵਾਂ ਵਾਲੀ ਵੱਖਰਤਾ ਨਹੀਂ ਦੇਖੀ। ਅੱਜ ਭਾਈ ਮਰਦਾਨੇ ਦਾ ਪਰਿਵਾਰ ਸਦੀਆਂ ਤੋਂ ਉਹਨਾਂ ਦਾ ਉਪਾਸਕ ਹੈ। ਪਰ ਅਜੋਕੇ ਦੌਰ 'ਚ ਜਿਹਨਾਂ ਵਰਗਾਂ ਨਾ.ਲ ਭਾਈਚਾਰਕ ਵਿਤਕਰਾ ਤੇ ਗੈਰ ਮਾਨਵੀ ਵਿਵਹਾਰ ਹੁੰਦਾ ਹੈ ਤੇ ਉਹਨਾਂ ਨੂੰ ਸਿੱਖ ਬਣਨ 'ਤੇ ਉਹਨਾਂ ਦੇ ਜਾਤੀਵਾਦੀ ਅਲੰਕਾਰ ਨਾ.ਲ ਹਮਲਾ ਕੀਤਾ ਜਾਂਦਾ ਹੈ। ਉਹ ਭਾਈਚਾਰਾ ਤੇ ਵਰਗ ਨਿਰਾਸ਼ ਹੋ ਕੇ ਆਪਣੀ ਮਾਨਸਿਕ ਤ੍ਰਿਪਤੀ ਨਹੀਂ ਡੇਰਿਆਂ ਵੱਲ ਭੱਜਦਾ ਹੈ। ਇਹੀ ਕਾਰਨ ਹੈ ਕਿ ਅੱਜ ਪੰਜਾਬ 'ਚ ਤੇ ਭਾਰਤ 'ਚ ਬਹੁਤ ਵੱਡੇ-ਵੱਡੇ ਡੇਰੇ ਬਣ ਗਏ ਹਨ ਤੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਘਟ ਰਹੀ ਹੈ ਕਿਉਂਕਿ ਸਿੱਖ ਧਰਮ ਨੇ ਮਾਨਵ ਬਰਾਬਰੀ ਦੇ ਸਿਧਾਂਤ ਤੇ ਪਹਿਰਾ ਹੀ ਨਹੀਂ ਦਿੱਤਾ।

ਅਜੋਕੇ ਦੌਰ ਦੀਆਂ ਸਿੱਖ ਧਾਰਮਿਕ ਸੰਸਥਾਵਾਂ ਕੋਲ ਬੇਅੰਤ ਚੜ੍ਹਾਵੇ ਤੇ ਦਾਨ ਦਾ ਸਰਮਾਇਆ ਹੈ। ਗੁਰੂ ਘਰਾਂ 'ਚ ਚੌਧਰ ਲੈਣ ਲਈ ਤੇ ਮਾਇਆ ਹੜੱਪਣ ਲਈ, ਨਿੱਤ ਲੜਾਈਆਂ ਝਗੜੇ ਹੁੰਦੇ ਹਨ, ਕਿਰਪਾਨਾਂ ਨਾ.ਲ ਇਕ ਦੂਜੇ 'ਤੇ ਹਮਲੇ ਕੀਤੇ ਜਾਂਦੇ ਹਨ ਤੇ ਪੱਗਾਂ ਉਤਾਰੀਆਂ ਜਾਂਦੀਆਂ ਹਨ। ਇਹ ਗੱਲ ਜੱਗ ਜ਼ਾਹਿਰ ਹੈ। ਇਹਨਾਂ ਭੈੜੀਆਂ ਹਰਕਤਾਂ ਨੇ ਸਿੱਖ ਧਰਮ ਦੇ ਅਕਸ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸ ਨਾ.ਲ ਗੁਰੂ ਸਾਹਿਬ ਦੇ ਭਾਈਚਾਰਕ ਪ੍ਰੇਮਾ ਸੰਦੇਸ਼ ਨੂੰ ਸੱਟ ਵੱਜਦੀ ਹੈ ਤੇ ਸਿੱਖੀ ਦਾ ਭਾਰੀ ਨੁਕਸਾਨ ਹੁੰਦਾ ਹੈ। ਇਕੱਤਰ ਹੋਏ ਪੈਸੇ ਨੂੰ ਵੱਡੀਆਂ-ਵੱਡੀਆਂ ਸ਼ੋਭਾ ਯਾਤਰਾਵਾਂ ਕੱਢ ਕੇ ਖਰਚ ਕੀਤਾ ਜਾਂਦਾ ਹੈ ਤੇ ਇਹ ਸਿਰਫ ਦਿਖਾਵਾ ਬਣ ਕੇ ਰਹਿ ਜਾਂਦਾ ਹੈ। ਇਸ ਨੂੰ ਸਾਦਗੀ ਨਾ.ਲ ਵੀ ਕੱਢਿਆ ਜਾ ਸਕਦਾ ਹੈ ਤੇ ਪੈਸਾ ਬਚਾਇਆ ਜਾ ਸਕਦਾ ਹੈ ਤੇ ਹੋਰ ਦਿਖਾਵਿਆਂ ਨੂੰ ਸੰਜਮ 'ਚ ਕਰਕੇ ਵੀ ਪੈਸਾ ਬਚਾਇਆ ਜਾ ਸਕਦਾ ਹੈ। ਇਸ ਪੈਸੇ ਨਾ.ਲ ਭਾਰਤੀ ਪੰਜਾਬ 'ਚ ਸਹੀ ਢੰਗ ਨਾ.ਲ ਪ੍ਰਯੋਗ ਕਰਕੇ ਲੋੜਵੰਦਾਂ ਲਈ ਰੁਜ਼ਗਾਰ ਦੇ ਮੌਕੇ, ਵਿੱਦਿਆ ਤੇ ਮੈਡੀਕਲ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਅੱਜ ਕਿਸਾਨ ਪੰਜਾਬ 'ਚ ਖੁਦਕੁਸ਼ੀਆਂ ਕਰ ਰਿਹਾ ਹੈ। ਉਸ ਦੀ ਇਸ ਇਕੱਤਰ ਹੋਏ ਪੈਸੇ ਨਾ.ਲ ਆਰਥਿਕ ਹਾਲਤ ਸੁਧਾਰੀ ਜਾ ਸਕਦੀ ਹੈ। ਸੰਗਤ ਤੇ ਪੰਗਤ ਦੀ ਪ੍ਰਥਾ ਗੁਰੂ ਸਾਹਿਬ ਨੇ ਭੁੱਖਿਆਂ ਨੂੰ ਤੇ ਲੋੜਵੰਦਾਂ ਨੂੰ ਲੰਗਰ ਲਗਾ ਕੇ ਸ਼ੁਰੂ ਕੀਤੀ ਸੀ ਪਰ ਅੱਜ ਜ਼ਰੂਰਤਮੰਦਾਂ ਨੂੰ ਨਹੀਂ ਸਗੋਂ ਰੱਜਿਆਂ ਨੂੰ ਰਜਾਇਆ ਜਾ ਰਿਹਾ ਹੈ, ਬੜੇ ਮਹਿੰਗੇ-ਮਹਿੰਗੇ ਤੇ ਵਧੀਆਂ ਪਕਵਾਨਾਂ ਤੇ ਬੇਅੰਤ ਮਾਇਆ ਖਰਚ ਕੀਤੀ ਜਾਂਦੀ ਹੈ। ਇਹ ਪੈਸਾ ਬਚਾਅ ਕੇ ਲੋਕ ਭਲਾਈ ਦੇ ਕੰਮਾਂ 'ਤੇ ਖਰਚ ਕੀਤਾ ਜਾ ਸਕਦਾ ਹੈ ਤੇ ਗਰੀਬਾਂ ਦੀ ਗਰੀਬੀ ਕੱਟੀ ਜਾ ਸਕਦੀ ਹੈ।

ਮੇਰੀ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਹੈ ਕਿ ਬਾਬੇ ਨਾਨਕ ਜੀ ਦੀ ਤਰ੍ਹਾਂ ਸੰਵਾਦ ਰਚਾ ਕੇ ਉਹਨਾਂ ਦੇ ਫ਼ਲਸਫ਼ੇ ਨੂੰ 'ਮੰਨਣ' ਦੀ ਥਾਂ 'ਅਪਣਾਉਣ' ਤੇ ਸਿੱਖ 'ਦਿਸਣ' ਦੀ ਥਾਂ ਬਾਬੇ ਨਾਨਕ ਦੇ ਸਿੱਖ 'ਬਣਨ' ਤੇ ਪੂਰਾ ਜ਼ੋਰ ਲਾਇਆ ਜਾਵੇ ਤਾਂ ਜੋ ਬਾਬੇ ਨਾਨਕ ਦੇ ਸਿਧਾਂਤ ਪੂਰੀ ਤਰ੍ਹਾਂ ਲਾਗੂ ਹੋ ਸਕਣ। ਇਸ ਤਰ੍ਹਾਂ ਕਰਨ ਨਾ.ਲ ਹੀ ਮਾਨਵਵਾਦੀ ਉਸਾਰੂ ਸਮਾਜਿਕ ਬਰਾਬਰੀ ਵਾ.ਲਾ ਸਮਾਜ ਸਿਰਜਿਆ ਜਾ ਸਕਦਾ ਹੈ ਤੇ ਇਕ ਅੰਤਰ ਰਾਸ਼ਟਰੀ ਪੱਧਰ ਦਾ ਸਿੱਖ ਸਮਾਜ ਵੀ ਸਿਰਜਿਆ ਜਾ ਸਕਦਾ ਹੈ।

ਅੰਤ 'ਚ ਮੈਂ ਸਭ ਨਾਨਕ ਨਾਮ ਲੇਵਾ ਲੁਕਾਈ ਨੂੰ ਉਹਨਾਂ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

# ਵੀਹ ਰੁਪਏ-ਵੀਹ ਡਾਲਰ ਤੇ ਸੱਚੇ ਸੌਦੇ ਵਾ.ਲੀ ਸਾਖੀ!

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)-** ਇਹ ਕੋਈ ਕਾਲਪਨਿਕ ਕਹਾਣੀ ਨਹੀਂ ਸਗੋਂ ਹਕੀਕੀ ਵਾਕਿਆ ਹੈ,ਜੋ ਬਾਲ ਗੁਰੂ ਨਾਨਕ ਵਲੋਂ ਬਚਪਨ ਵਿਚ ਕੀਤੇ ਸੱਚੇ ਸੌਦੇ ਦੀ ਯਾਦ ਦਿਲਾ ਗਿਆ।ਹੋਇਆ ਇਸ ਤਰਾਂ ਕਿ ਕੁੱਝ ਦਿਨ ਪਹਿਲਾਂ ਕੈਲੇਫੋਰਨੀਆਂ ਪ੍ਰਾਂਤ ਦੇ ਸੈਨ ਰਫੇਲ(ਅਨ੍ਹ ਆਇਲ) ਸ਼ਹਿਰ ਲਾਗੇ ਭਿਆਨਕ ਅੱਗ ਲੱਗ ਗਈ ਸੀ। ਸਰਕਾਰੀ ਮੱਦਦ ਤੋਂ ਇਲਾਵਾ ਹੋਰ ਲੋਕ ਵੀ ਅੱਗ ਪੀੜਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਰਜਿੰਦਰ ਸਿੰਘ ਟਾਂਡਾ ਸਟਾਕਟਨ ਨਿਵਾਸੀ ਨੌਜਵਾਨ, ਜੋ ਲੰਮੇਂ ਅਰਸੇ ਤੋਂ ਆਪਣੇ ਸੰਗੀ ਸਾਥੀਆਂ ਸਮੇਤ ਵੱਖ ਵੱਖ ਸ਼ਹਿਰਾਂ ਦੇ ਬੇਘਰੇ ਤੇ ਲੋੜਵੰਦ ਲੋਕਾਂ ਲਈ ਹਰ ਐਤਵਾਰ ਲੰਗਰ ਲਾਉਂਦੇ ਹਨ, ਉਹ ਜਥਾ ਵੀ ਸੈਨ ਰਫੇਲ ਪਹੁੰਚ ਕੇ ਅੱਗ ਪੀੜਤਾਂ ਨੂੰ ਲੰਗਰ ਛਕਾ ਰਿਹਾ ਹੈ। ਬੀਤੇ ਕੱਲ੍ਹ ਅੱਗ ਪੀੜਤਾਂ 'ਚੋਂ ਇਕ ਗੋਰੀ ਬੀਬੀ ਇਨ੍ਹਾਂ ਨੌਜਵਾਨਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਭਾਈ ਰਜਿੰਦਰ ਸਿੰਘ ਟਾਂਡਾ ਨੂੰ ਕਹਿਣ ਲੱਗੀ ਕਿ ਮੈਂ ਤੁਹਾਡੀ ਨਿਗੂਣੀ ਜਿਹੀ ਮੱਦਦ ਕਰਨਾਂ ਚਾਹੁੰਦੀ ਹਾਂ। ਟਾਂਡਾ ਨੇ ਉਸਦਾ ਧੰਨਵਾਦ ਕਰਦਿਆਂ ਕਿਹਾ ਕਿ ਬੀਬੀ ਜੀ ਸਾਡਾ ਸੇਵਕ ਜਥਾ ਆਪਣੇ ਹੀ ਦਸਵੰਧ ਨਾਲ ਇਹ ਸੇਵਾਵਾਂ ਕਰ ਰਿਹਾ ਹੈ, ਅਸੀਂ ਇੰਜ ਕਿਸੇ ਕੋਲੋਂ ਨਾ ਦਾਨ ਲੈਂਦੇ ਹਾਂ ਤੇ ਨਾ ਹੀ ਹੋਰਾਂ ਪਾਸੋਂ ਉਗਰਾਹੀ ਕਰਦੇ ਹਾਂ। ਪਰ ਜਦ ਉਹ ਬੀਬੀ ਬਹੁਤ ਜੋਰ ਪਾਉਣ ਲੱਗੀ ਤਾਂ ਟਾਂਡਾ ਜੀ ਦੇ ਦੂਜੇ ਸਾਥੀ ਕਸ਼ਮੀਰ ਸਿੰਘ ਸ਼ਾਹੀ ਕਹਿਣ ਲੱਗੇ ਕਿ ਚਲੋ ਬੀਬੀ ਜੀ 'ਟੋਕਨ' ਵਜੋਂ ਇੱਕ ਡਾਲਰ ਦੇ ਦਿਉ।ਬੀਬੀ ਆਪਣਾ ਪਰਸ ਫ੍ਰੋਲਦੀ ਕਹਿੰਦੀ ਕਿ ਇੱਕ ਨਹੀਂ ਚਲੋ ਮੈਂ ਪੰਜ ਡਾਲਰ ਦੇ ਦਿੰਦੀ ਹਾਂ। ਪਰ ਉਸਦੇ ਪਰਸ ਵਿੱਚ ਪੰਜ ਡਾਲਰ ਦਾ ਕੋਈ ਨੋਟ੍ਹ ਹੀ ਨਹੀਂ ਸੀ। ਆਖਰ ਉਸਨੇ ਜਦ ਵੀਹ ਡਾਲਰ ਦਾ ਨੋਟ੍ਹ ਕੱਢ ਕੇ ਇਨ੍ਹਾਂ ਵੱਲ੍ਹ ਵਧਾਇਆ ਤਾਂ ਟਾਂਡਾ ਜੀ ਵਜਦ ਵਿੱਚ ਆ ਕੇ ਕਹਿੰਦੇ ਕਿ ਮੈਡਮ ਵੀਹਾਂ ਦੇ ਨੋਟ੍ਹ ਨਾਲ ਤਾਂ ਸਾਡਾ ਇਤਿਹਾਸਿਕ ਰਿਸ਼ਤਾ ਹੈ ਅਤੇ ਵੀਹਾਂ ਦਾ ਬੜਾ ਉੱਚਾ ਰੁਤਬਾ ਹੈ ਸਾਡੇ ਵਿਰਸੇ ਵਿੱਚ ! ਗੁਰੂ ਪਾਤਸ਼ਾਹ ਦੀ ਰਹਿਮਤ ਸਦਕਾ ਤੇਰੇ ਇਹ ਵੀਹ ਡਾਲਰ ਵੀ ਉਸੇ ਸੱਚੇ ਸੌਦੇ ਵਾ.ਲੀ ਵਿਰਾਸਤ ਵਿੱਚ ਸ਼ਾਮਲ ਕਰ ਲੈਂਦੇ ਹਾਂ। ਉਸ ਮੈਡਮ ਦੇ ਪੁੱਛਣ 'ਤੇ ਜਦੋਂ ਭਾਈ ਟਾਂਡਾ ਨੇ ਉਸ ਨੂੰ ਬਾਲ ਗੁਰੂ ਨਾਨਕ ਵਲੋਂ ਕੀਤੇ ਗਏ ਸੱਚੇ ਸੌਦੇ ਵਾ.ਲੀ ਸਾਖੀ ਸੁਣਾਈ ਤਾਂ ਉਹ ਬਹੁਤ ਭਾਵੁਕ ਹੋਈ ਅਤੇ ਉਸਨੇ ਇਨ੍ਹਾਂ ਤੋਂ ਸਿੱਖ ਧਰਮ ਬਾਰੇ ਹੋਰ ਲਿਟਰੇਚਰ ਦੀ ਵੀ ਮੰਗ ਕੀਤੀ! ਦੇਖਿਆ ਜਾਵੇ ਤਾਂ ਸਟੇਜਾਂ 'ਤੇ ਕੀਤੇ ਜਾਂਦੇ ਪ੍ਰਚਾਰ ਨਾ.ਲੋਂ ਹੱਥੀਂ ਸੇਵਾ ਕਰ ਰਹੇ ਨਿਸ਼ਕਾਮ ਸੇਵਕਾਂ ਦੀ ਸੇਵਾ ਜਿਆਦਾ ਪ੍ਰਭਾਵਸ਼ਾਲੀ ਤੇ ਅਸਰਦਾਰ ਹੋ ਸਕਦੀ ਹੈ ।

# ਮੂ.ਲ ਨਾਨਕਸ਼ਾਹੀ ਕੈਲੰਡਰ ਬਾਰੇ ਜਥੇਦਾਰ ਸ੍ਰੀ ਅਕਾਲ ਤਖਤ ਨਾਲ ਹੋਈ ਸੁਹਿਰਦ ਮੀਟਿੰਗ

## ਕੈਲੰਡਰ ਨਿਰਮਾਤਾ ਭਾਈ ਪੁਰੇਵਾਲ ਨੇ ਹੋਰ ਸਪਸ਼ਟੀਕਰਨ ਦਿੱਤੇ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)-** ਪੰਥਕ ਹਲਕਿਆਂ ਵਿੱਚ ਇਹ ਖਬਰ ਬੜੀ ਪ੍ਰਸੰਨਤਾ ਨਾ.ਲ ਪੜ੍ਹੀ ਸੁਣੀ ਜਾਵੇ ਗੀ ਕਿ ਸੰਨ 2003 ਤੋਂ 2010 ਤੱਕ ਲਾਗੂ ਰਹੇ ਨਾਨਕਸ਼ਾਹੀ ਕੈਲੰਡਰ ਬਾਰੇ ਮੁੜ ਤੋਂ ਵਿਚਾਰ-ਚਰਚਾ ਸ਼ੁਰੂ ਹੋ ਗਈ ਹੈ।ਇਸ ਕੈਲੰਡਰ ਦੇ ਨਿਰਮਾਤਾ ਭਾਈ ਪਾਲ ਸਿੰਘ ਪੁਰੇਵਾ.ਲ ਖਰਾਬ ਸਿਹਤ ਦੇ ਬਾਵਜੂਦ ਇਨ੍ਹੀਂ ਦਿਨੀ ਕੈਨੇਡਾ ਤੋਂ ਪੰਜਾਬ ਪਹੁੰਚੇ ਹੋਏ ਹਨ। ਬੀਤੇ ਦੋ ਨਵੰਬਰ ਨੂੰ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਪ੍ਰੀਤ ਸਿੰਘ ਨਾ.ਲ ਲੰਮਾਂ ਸਮਾਂ ਵਿਚਾਰ ਵਟਾਂਦਰਾ ਕੀਤਾ। ਭੂਗੋਲ ਤੇ ਖਗੋਲ ਵਿਸ਼ਿਆਂ ਦੇ ਮਾਹਰ ਭਾਈ ਸਰਬਜੀਤ ਸਿੰਘ ਸੈਕਰਾਮੈਂਟੋ ਦੇ ਦੱਸਣ ਅਨੁਸਾਰ ਮੀਟਿੰਗ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਪੁਰੇਵਾਲ ਤੋਂ ਕਈ ਤੱਥਾਂ ਬਾਰੇ ਸਵਾਲ



ਪੁੱਛੇ ਅਤੇ ਕੈਲੰਡਰ ਦੀਆਂ ਵਿਸ਼ੇਸ਼ਤਾਈਆਂ ਬਾਬਤ ਜਾਣਕਾਰੀ ਹਾਂਸਲ ਕੀਤੀ।ਭਾਈ ਪੁਰੇਵਾਲ ਨੇ ਕੈਲੰਡਰ ਵਿਰੁੱਧ ਪ੍ਰਗਟਾਏ ਜਾਂਦੇ ਕਈ ਸ਼ੰਕਿਆਂ ਦੇ ਤਸੱਲੀਬਖਸ਼ ਜਵਾਬ ਦਿੱਤੇ, ਜਿਨ੍ਹਾਂ ਤੋਂ ਜਥੇਦਾਰ ਜੀ ਬਹੁਤ ਪ੍ਰਭਾਵਿਤ ਹੋਏ। ਇਸ ਮੌਕੇ ਭਾਈ ਪਾਲ ਸਿੰਘ ਪੁਰੇਵਾਲ ਦੇ ਨਾਲ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾਂ ਸਾਹਿਬ ਸਾਬ੍ਹੋ ਕੀ ਤਲਵੰਡੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੇਵਾ ਨਿਭਾਉਣ ਵਾ.ਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਰਹੇ ਭਾਈ ਖੰਡੇ ਵਾਲਾ ਵੀ ਮੌਜੂਦ ਸਨ। ਭਾਈ ਕੇਵਲ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਪ੍ਰਗਟਾਏ ਵਿਚਾਰਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਮੂ.ਲ ਨਾਨਕਸ਼ਾਹੀ ਕੈਲੰਡਰ ਦੇ ਪ੍ਰਚਾਰ ਪਸਾਰ ਹਿਤ ਸੈਮੀਨਾਰ ਅਤੇ ਹੋਰ ਸਮਾਗਮ ਕਰਵਾਏ ਜਾਣਗੇ।ਉਨ੍ਹਾਂ ਹੋਰ ਕਿਹਾ ਕਿ ਹੁਣ ਜਦੋਂ ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਗੁਰੂ ਸਾਹਿਬ ਦਾ ਪੰਜ ਸੌ ਪੰਜਾਹਵਾਂ ਪ੍ਰਕਾਸ਼ ਪੁਰਬ ਮਨਾ ਰਹੀਆਂ ਹਨ ਤਾਂ ਨਾਨਕਸ਼ਾਹੀ ਕੈਲੰਡਰ ਮੁੜ ਲਾਗੂ ਕਰਨ ਲਈ ਇਹ ਢੁਕਵਾਂ ਸਮਾਂ ਹੈ। ਇਸ ਬਾਬਤ ਸਿੱਖ ਜਥੇਬੰਦੀਆਂ ਨਾਲ ਸੁਹਿਰਦਤਾ ਭਰਪੂਰ ਵਿਚਾਰ ਵਟਾਂਦਰਾ ਕਰਨ ਲਈ ਜਲਦੀ ਯਤਨ ਕੀਤੇ ਜਾਣਗੇ।

# ਕੀ ਕਾਂਗਰਸ ਸਚਮੁੱਚ ਬਦਲ ਰਹੀ ਹੈ?



**ਗੁਰਮੀਤ ਪਲਾਹੀ**
**91-98158-02070**

**ਪੰਜਾਬੀ ਰੂਪ- ਗੁਰਮੀਤ ਪਲਾਹੀ**

ਇਹ ਦੇਖਣਾ ਹੈਰਾਨੀਜਨਕ ਹੈ ਕਿ ਭਾਰਤੀ ਰਾਜਨੀਤੀ ਕਿੰਨੀ ਤੇਜ਼ੀ ਨਾਲ ਬੇਹਤਰ ਬਦਲਾਅ ਵੱਲ ਤੁਰਦੀ ਜਾ ਰਹੀ ਹੈ। ਮਹਾਂਰਾਸ਼ਟਰ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਦਾ ਪ੍ਰਦਰਸ਼ਨ ਕਿਉਂਕਿ ਬਹੁਤਾ ਨਿਰਾਸ਼ਾਜਨਕ ਨਹੀਂ ਰਿਹਾ, ਇਹੋ ਜਿਹੇ 'ਚ ਆਉਣ ਵਾਲੀਆਂ ਚੋਣਾਂ ਵਿੱਚ ਮੁਕਾਬਲਾ ਇਕਤਰਫਾ ਨਹੀਂ ਮੰਨਿਆ ਜਾ ਸਕਦਾ। ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਕਾਂਗਰਸ ਸੜਕਾਂ ਉਤੇ ਰੋਸ ਧਰਨੇ ਦੇਣ ਲਈ ਉਤਰ ਰਹੀ ਹੈ ਅਤੇ ਇਸ ਕੰਮ 'ਚ ਉਹ ਪੂਰੀ ਵਿਰੋਧੀ ਧਿਰ ਦੀ ਮਿਲਵਰਤਨ ਲੈ ਰਹੀ ਹੈ। ਝਾਰਖੰਡ 'ਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ ਝਾਰਖੰਡ ਮੁਕਤੀ ਮੋਰਚੇ ਦੀ ਸਹਿਯੋਗੀ ਦੀ ਭੂਮਿਕਾ ਨਿਭਾਉਣ ਲਈ ਤਿਆਰ ਹੈ। ਵਿਰੋਧੀ ਧਿਰ ਬਾਬੂ ਲਾਲ ਮਰਾਂਡੀ ਦੇ ਝਾਰਖੰਡ ਵਿਕਾਸ ਮੋਰਚੇ ਅਤੇ ਦੂਸਰੀਆਂ ਛੋਟੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਵਿੱਚ ਹੈ। ਹੇਮੰਤ ਸੋਰੇਨ, ਜੋ ਝਾਮੂੰਮੋ ਦਾ ਮੁੱਖੀ ਹੈ, ਉਸਨੂੰ ਵਿਰੋਧੀ ਧਿਰ ਵਲੋਂ ਮੁੱਖ ਮੰਤਰੀ ਲਈ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਬਾਰੇ ਕਾਂਗਰਸ ਪ੍ਰਧਾਨ ਸੋਨੀਆਂ ਗਾਂਧੀ ਨੂੰ ਵੀ ਕੋਈ ਇਤਰਾਜ ਨਹੀਂ ਹੈ। ਕਾਂਗਰਸ ਅਤੇ ਝਾਮੂੰਮੋ ਦੋਵੇਂ ਪਾਰਟੀਆਂ ਸੱਤਾ ਵਿੱਚ ਆਉਣ ਤੋਂ ਬਾਅਦ "ਭੀੜਤੰਤਰ ਵਲੋਂ ਹੱਤਿਆਵਾਂ" ਵਿਰੋਧੀ ਕਾਨੂੰਨ ਬਨਾਉਣ ਦੀ ਗੱਲ ਕਰ ਰਹੇ ਹਨ। ਝਾਰਖੰਡ ਉਹਨਾ ਸੂਬਿਆਂ ਵਿੱਚੋਂ ਇੱਕ ਹੈ ਜਿਥੇ ਭੀੜ ਵਲੋਂ ਨਿਹੱਥੇ ਲੋਕਾਂ ਦੀਆਂ ਪਬਲਿਕ ਥਾਵਾਂ ਉਤੇ ਹੱਤਿਆ ਕਰਨ ਦੀਆਂ ਸਭ ਤੋਂ ਵੱਧ ਘਟਨਾਵਾਂ ਹੋਈਆਂ ਹਨ।

ਕਾਂਗਰਸ ਦੇ ਆਗੂ ਸੱਚ ਕਹਿਣ ਤੋਂ ਗੁਰੇਜ ਨਹੀਂ ਕਰ ਰਹੇ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਜੋ ਨਪੀ-ਤੁਲੀ ਗੱਲ ਕਹਿਣ ਲਈ ਜਾਣੇ ਜਾਂਦੇ ਹਨ, ਪਿਛਲੇ ਦਿਨੀਂ ਦਿੱਲੀ ਦੇ ਇਕ ਅਖ਼ਬਾਰ ਦੇ ਦਫ਼ਤਰ ਗਏ। ਉਥੇ ਉਹਨਾ ਨੇ ਕਿਹਾ ਕਿ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਨਰਾਜ਼ ਹਨ ਅਤੇ ਪ੍ਰੇਸ਼ਾਨ ਹਨ। ਗਹਿਲੋਤ ਨੇ ਅਰਥ ਵਿਵਸਥਾ ਦੇ ਮੋਰਚੇ ਤੇ ਸਰਕਾਰ ਦੇ ਭੈੜੇ ਰਾਜ ਪ੍ਰਬੰਧ ਦਾ ਮੁੱਦਾ ਚੁੱਕਿਆ ਅਤੇ ਕਿਹਾ ਕਿ ਕਾਂਗਰਸ ਅਤੇ ਦੂਜੀਆਂ ਵਿਰੋਧੀ ਪਾਰਟੀਆਂ ਦੇ ਲਈ ਸੜਕਾਂ ਉਤੇ ਉਤਰਕੇ ਰੋਸ ਪ੍ਰਗਟ ਕਰਨ ਦਾ ਇਹ ਸਹੀ ਸਮਾਂ ਹੈ ਅਤੇ ਜਦੋਂ ਅੰਦੋਲਨ ਦੀ ਸ਼ੁਰੂਆਤ ਹੋਏਗੀ, ਉਦੋਂ ਆਮਦਨ ਕਰ ਵਿਭਾਗ, ਈ.ਡੀ ਅਤੇ ਸੀ.ਬੀ.ਆਈ. ਵਿਚੋਂ ਜਿਹੜੇ ਦਬਾਅ 'ਚ ਕੰਮ ਕਰ ਰਹੇ ਹਨ, ਉਹਨਾ ਦੇ ਕੰਮ ਦਾ ਤਰੀਕਾ ਬਦਲ ਜਾਏਗਾ। ਜਦੋਂ ਮਨ ਬਦਲੇਗਾ, ਤਦੋਂ ਸੜਕਾਂ ਉਤੇ ਆਮ ਆਦਮੀ ਦਾ ਵੀ ਮਨ ਬਦਲੇਗਾ। ਨੌਕਰਸ਼ਾਹੀ ਅਤੇ ਏਜੰਸੀਆਂ ਸਮਝਣਗੀਆਂ ਕਿ ਕਿਸੇ ਵੀ ਸਮੇਂ ਬਦਲਾਅ ਆ ਸਕਦਾ ਹੈ।

ਗਹਿਲੋਤ ਦੀਆਂ ਇਹ ਟਿਪਣੀਆਂ ਕਾਂਗਰਸ ਦੇ ਅੰਦਰ ਦੀ ਸੋਚ ਦਾ ਵਰਨਣ ਹਨ। ਮਹਾਂਰਾਸ਼ਟਰ ਤੇ ਹਰਿਆਣਾ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਗਾਂਧੀ ਪਰਿਵਾਰ ਦੇ ਬਿਨ੍ਹਾਂ ਵੀ ਕਾਂਗਰਸ ਨੇ ਜਿਸ ਤਰ੍ਹਾਂ ਅੱਛਾ ਪ੍ਰਦਰਸ਼ਨ ਕੀਤਾ ਹੈ, ਉਹ ਪਾਰਟੀ ਦੀ ਹਾਈਕਮਾਂਡ ਨੂੰ ਮਿਲਿਆ ਇਕ ਵੱਡਾ 'ਧੱਕਾ' ਹੈ। ਸੋਨੀਆ ਅਤੇ ਪ੍ਰਿਅੰਕਾ ਗਾਂਧੀ ਨੇ ਇਹਨਾ ਦੋਨਾਂ ਹੀ ਚੋਣਾਂ 'ਚ ਪ੍ਰਚਾਰ ਨਹੀਂ ਕੀਤਾ। ਰਾਹੁਲ ਗਾਂਧੀ ਨੇ ਹਾਲਾਂਕਿ ਕੁਝ ਚੋਣ ਸਭਾਵਾਂ ਨੂੰ ਸੰਬੋਧਨ ਕੀਤਾ, ਪਰ ਉਹਨਾ ਨੇ ਜਿਹਨਾ ਮੁੱਦਿਆਂ ਦੀ ਗੱਲ ਕੀਤੀ, ਉਹਨਾ ਦਾ ਵੋਟਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇੰਜ ਲਗਦਾ ਹੈ ਕਿ ਕਾਂਗਰਸ ਦੇ ਮੁੱਖ ਦਫ਼ਤਰ 10 ਜਨਪੱਥ ਤੋਂ ਹੁਕਮ ਲਏ ਵਗੈਰ ਨਵੇਂ ਤਰੀਕੇ ਚੋਣਾਂ ਵਰਤੇ ਗਏ। ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਇਹਨਾ ਦਿਨਾਂ 'ਚ ਖੇਤਰੀ ਮਸਲਿਆਂ ਨੂੰ ਉਭਾਰਨ ਲਈ ਲੱਗੇ ਹੋਏ ਹਨ। ਉਹ ਪੂਰੇ ਸੂਬੇ ਵਿੱਚ ਘੁੰਮਕੇ ਉਹਨਾ ਜਾਤੀਆਂ ਅਤੇ ਉਪ-ਜਾਤੀਆਂ ਦੀ ਸ਼ਨਾਖਤ ਕਰ ਰਹੇ ਹਨ, ਜੋ ਮੂਲ ਰੂਪ 'ਚ ਛੱਤੀਸਗੜ੍ਹੀਆ ਹਨ। ਛੱਤੀਸਗੜ੍ਹੀ ਭਾਸ਼ਾ, ਸੰਸਕ੍ਰਿਤੀ ਕੈਲੰਡਰ ਅਤੇ ਤਿਉਹਾਰ ਉਹਨਾ ਦੇ ਅਜੰਡੇ ਵਿੱਚ ਸਭ ਤੋਂ ਉਪਰ ਹਨ। ਉਹ ਸੋਟਾ (ਡੰਡਾ) ਨੂੰ ਹਰਮਨ ਪਿਆਰਾ ਬਨਾਉਣ ਲਈ ਜੁੱਟੇ ਹੋਏ ਹਨ। ਉਹ ਕਹਿੰਦੇ ਹਨ ਕਿ ਪੁਰਾਣੇ ਸਮਿਆਂ ਵਿੱਚ ਛੱਤੀਸਗੜ੍ਹ ਦੇ ਲੋਕ ਡੰਡੇ ਦੀ ਵਰਤੋਂ ਕਿਸੇ ਨੂੰ ਕੁੱਟਣ ਲਈ ਨਹੀਂ ਸਨ ਕਰਦੇ, ਬਲਕਿ ਧਾਰਮਿਕ-ਅਧਿਆਤਮਕ ਕੰਮਾਂ ਵਿੱਚ ਇਸਦਾ ਇਸਤੇਮਾਲ ਹੁੰਦਾ ਸੀ। ਬਘੇਲ ਦੇ ਨੇੜਲੇ ਲੋਕਾਂ ਦਾ ਇਹ ਮੰਨਣਾ ਹੈ ਕਿ ਉਹਨਾ ਦਾ ਉਪ-ਰਾਸ਼ਟਰਵਾਦ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੇ ਸੰਸਕ੍ਰਿਤਿਕ ਰਾਸ਼ਟਰਵਾਦ ਨੂੰ ਪਿੱਛੇ ਸੁੱਟਣ ਲਈ ਮਦਦਗਾਰ ਸਾਬਤ ਹੋਏਗਾ।

ਇਵੇਂ ਹੀ, ਮੱਧ ਪ੍ਰਦੇਸ਼ ਦੇ ਕਮਲਨਾਥ ਖ਼ੁਦ ਨੂੰ ਨਿਵੇਸ਼ਕਾਂ ਦੇ ਹਿਤੈਸ਼ੀ ਮੁੱਖ ਮੰਤਰੀ ਦੇ ਰੂਪ ਵਿੱਚ ਪੇਸ਼ ਕਰ ਰਹੇ ਹਨ। ਹੁਣੇ 'ਚ ਇੰਦੌਰ ਵਿੱਚ ਨਿਵੇਸ਼ਕਾਂ ਦਾ ਇੱਕ ਸੰਮੇਲਨ ਸਫ਼ਲ ਹੋਇਆ, ਇਥੋਂ ਤੱਕ ਕਿ ਕੁਝ ਵੱਡੇ ਉਦਯੋਗਪਤੀ ਅਤੇ ਕਾਰਪੋਰੇਟ ਘਰਾਣਿਆਂ ਦਾ ਧਿਆਨ ਵੀ ਇਸ ਸੰਮੇਲਨ ਨੇ ਖਿੱਚਿਆ। ਮੱਧ ਪ੍ਰਦੇਸ਼ ਦੇਸ਼ ਦਾ ਇਕੋ ਇੱਕ ਸੂਬਾ ਹੈ, ਜੋ ਸਿਹਤ ਦਾ ਅਧਿਕਾਰ ਕਾਨੂੰਨ ਬਨਾਉਣ ਲਈ ਵਿਚਾਰ ਕਰ ਰਿਹਾ ਹੈ। ਸੱਤਾ ਵਿੱਚ ਆਉਣ ਦੇ ਲਗਭਗ ਇੱਕ ਸਾਲ ਵਿੱਚ ਕਮਲ ਨਾਥ ਸੂਬਾ ਕਾਂਗਰਸ ਵਿਚਲੇ ਖੇਤਰਵਾਦ ਤੋਂ ਮੁਕਤੀ ਪਾਉਣ 'ਚ ਸਫ਼ਲ ਹੋਏ ਹਨ। ਕਮਲ ਨਾਥ ਦੀ ਚੜ੍ਹਤ ਅਤੇ ਮੁੱਖ ਮੰਤਰੀ ਦੇ ਤੌਰ ਤੇ ਉਹਦੇ ਤਾਕਤਵਰ ਬਣ ਜਾਣ ਨੂੰ ਵੀ ਕਾਂਗਰਸ ਦੇ ਦਿੱਲੀ ਦਰਬਾਰ ਨੇ ਚੁੱਪ-ਚਾਪ ਵੇਖਿਆ ਹੈ। ਅਸਲ 'ਚ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸ਼ਕਤੀ ਸੰਤੁਲਿਨ ਨਾਲ ਛੇੜਛਾੜ ਕੀਤੇ ਵਗੈਰ ਨਿਰਾ ਹਾਈ ਕਮਾਂਡ ਉਤੇ ਨਿਰਭਰ ਨਾ ਰਹਿਣ ਦੀ ਇਸ ਪ੍ਰਵਿਰਤੀ ਦੀ ਪਹਿਲ ਕੀਤੀ, ਜਿਸਦੀ ਕਮਲ ਨਾਥ ਅਤੇ ਅਸ਼ੋਕ ਗਹਿਲੋਤ ਨੇ ਸਫ਼ਲਤਾ ਪੂਰਵਕ ਵਰਤੋਂ ਕੀਤੀ।

ਵਿਰੋਧੀ ਧਿਰ 'ਚ ਇਹ ਰਾਏ ਬਣ ਰਹੀ ਹੈ ਕਿ ਜੇਕਰ ਝਾਰਖੰਡ ਅਤੇ ਦਿੱਲੀ ਵਿੱਚ ਭਾਜਪਾ ਨੂੰ ਚਣੌਤੀ ਦੇ ਦਿੱਤੀ ਗਈ ਤਾਂ ਮੋਦੀ ਅਤੇ ਭਾਜਪਾ ਨੂੰ ਰੋਕਿਆ ਜਾਣਾ ਅਸੰਭਵ ਨਹੀਂ ਰਹੇਗਾ। ਹਾਲਾਂਕਿ ਸਿਆਸਤ ਵਿੱਚ ਇੱਕ ਹਫ਼ਤੇ ਵਿੱਚ ਹੀ ਚੀਜ਼ਾਂ ਬਦਲ ਜਾਂਦੀਆਂ ਹਨ। ਰਾਮ ਮੰਦਿਰ ਉਤੇ ਅਦਾਲਤੀ ਫ਼ੈਸਲਾ ਹਿੰਦੀ ਖੇਤਰ ਵਿੱਚ ਭਵਿੱਖ ਦੀ ਰਾਜਨੀਤੀ ਤਹਿ ਕਰ ਸਕਦਾ ਹੈ।

ਹਾਲਾਂਕਿ ਤਜ਼ਰਬਾ ਇਹ ਦੱਸਦਾ ਹੈ ਕਿ ਇਹ ਦੇਸ਼ ਕਿਸੇ ਇੱਕ ਮੁੱਦੇ ਤੋਂ ਪ੍ਰਭਾਵਿਤ ਨਹੀਂ ਹੁੰਦਾ। ਧਾਰਾ 370 ਹਟਾਉਣ ਅਤੇ ਹਮਲਾਵਰ ਰਾਸ਼ਟਰਵਾਦ ਨੇ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਰਾਜ ਕਰ ਰਹੀ ਪਾਰਟੀ ਨੂੰ ਕੋਈ ਲਾਭ ਨਹੀਂ ਪਹੁੰਚਾਇਆ। ਬਲਕਿ ਪੱਛਮ ਮਹਾਰਾਸ਼ਟਰ ਦੇ ਕੁਝ ਮਰਾਠਾ ਨੇਤਾਵਾਂ ਦੇ ਜਿੱਤ ਦੇ ਫ਼ਰਕ ਨੂੰ ਦੇਖਦੇ ਹੋਏ, ਭਾਜਪਾ ਨੂੰ ਸੋਚਣਾ ਚਾਹੀਦਾ ਹੈ ਕਿ ਵਿਧ-ਾਇਕ ਦਮੋਦਰ ਸਾਵਰਕਰ ਨੂੰ ਭਾਰਤ ਰਤਨ ਦੇਣ ਦਾ ਵਾਅਦਾ ਉਸਦੇ ਲਈ ਫਾਇਦੇਮੰਦ ਹੋਇਆ ਜਾਂ ਨੁਕਸਾਨਦਾਇਕ।

ਹਾਲਾਂਕਿ ਦਿੱਲੀ ਵਿੱਚ ਵਿਰੋਧੀ ਧਿਰ ਦੀ ਇੱਕ-ਜੁੱਟਤਾ ਸੌਖੀ ਨਹੀਂ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਕਿਸੇ ਗੱਠਜੋੜ ਦੀ ਕੋਈ ਸੰਭਾਵਨਾ ਨਹੀਂ ਹੈ। ਆਮ ਆਦਮੀ ਪਾਰਟੀ ਜਿਥੇ ਆਪਣੀ ਸੱਤਾ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਆਸਵੰਦ ਹੈ, ਉਥੇ ਭਾਜਪਾ ਇਹ ਦੇਖ ਰਹੀ ਹੈ ਕਿ ਕਾਂਗਰਸ ਦੇ ਕੋਲ "ਆਪ" ਦਾ ਕਿੰਨਾ ਵੋਟ ਕੱਟਣ ਦੀ ਸਮਰੱਥਾ ਹੈ। ਸੁਭਾਸ਼ ਚੋਪੜਾ ਨੂੰ ਦਿੱਲੀ ਦਾ ਸੂਬਾ ਪ੍ਰਧਾਨ ਬਣਕੇ ਕਾਂਗਰਸ, ਭਾਜਪਾ ਦਾ ਵੋਟ ਕੱਟਣ ਦੀ ਉਮੀਦ ਕਰ ਰਹੀ ਹੈ, ਜਦਕਿ ਮੁਸਲਿਮ ਲੋਕ ਸਭਾ ਚੋਣ ਦੇ ਉਲਟ ਕਾਂਗਰਸ ਦੀ ਵਿਜਾਏ "ਆਪ" ਨੂੰ ਵੋਟ ਦੇਣਗੇ।

ਆਉਣ ਵਾਲੀ ਨਵੰਬਰ ਦੀ 18 ਤਾਰੀਖ ਨੂੰ ਸੰਸਦ ਦਾ ਸਰਦ ਰੁਤ ਸਮਾਗਮ ਵਿਰੋਧੀ ਧਿਰ ਦਾ ਇਮਤਿਹਾਨ ਹੈ। ਪਿਛਲੇ ਮਾਨਸੂਨ ਸਮਾਗਮ ਵਿੱਚ ਤਿੰਨ ਤਲਾਕ, ਮੋਟਰ ਵਿਹੀਕਲ (ਸੋਧ) ਬਿੱਲ, ਧਾਰਾ 370 ਦਾ ਖਾਤਮਾ ਅਤੇ ਜੰਮੂ ਕਸ਼ਮੀਰ ਪੁਨਰਗਠਨ ਬਿੱਲ ਦੇ ਰਾਹੀਂ ਪ੍ਰਧਾਨ ਮੰਤਰੀ ਮੋਦੀ ਨੇ ਵਿਰੋਧੀ ਧਿਰ ਨੂੰ ਹਾਸ਼ੀਏ 'ਤੇ ਲੈ ਆਂਦਾ ਸੀ। ਆਉਣ ਵਾਲੇ ਸਮਾਗਮ 'ਚ ਸਰਕਾਰ ਵਿਵਾਦਮਈ ਨਾਗਰਿਕਤਾ ਸੋਧ ਬਿੱਲ ਨੂੰ ਫਿਰ ਲਿਆ ਸਕਦੀ ਹੈ। ਕਿਉਂਕਿ ਆਯੋਧਿਆ ਮੁੱਦੇ ਉਤੇ ਸੁਪਰੀਮ ਕੋਰਟ ਦਾ ਫ਼ੈਸਲਾ ਵੀ ਆਉਣਾ ਹੈ, ਇਸ ਹਾਲਤ ਵਿੱਚ, ਵਿਰੋਧੀ ਧਿਰ ਦੇ ਸਾਹਮਣੇ ਆਪਣੀ ਰਣਨੀਤੀ ਤਹਿ ਕਰਨਾ ਵੱਡੀ ਚਣੌਤੀ ਹੈ।

**-ਮੂਲ ਲੇਖਕ- ਰਸ਼ੀਦ ਕਿਦਵਈ**






SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

**Guru- Piari Sadh Sangat Ji,**

*Devoted families are requesting entire Sangat to attend the following functions:*

**November 9, 2019**
**Sukhmani Sahib Path and Langar Sewa by Vikramvir Sharma and Jaspreet Sharma**

Sri Sukhmani Sahib Path and Langar Sewa will be hosted by Bhai Vikramvir Sharma, Jaspreet Sharma and family for Sukh Shanti of their family. May Waheguru bless Sharma family.

**November 15-16-17, 2019**

Sri Guru Nanak Dev Ji's "Parkash Utsav" will be celebrated at our Gurughar on November 17, 2019. Akhand path will start on Friday 11/15/2019, at 10:00 AM and will be concluded with Bhog ceremony on Sunday morning 11/17/2019. Path and Langar Sewa will be hosted by Bhai Varinder Kumar Sudhir and family.

**San Francisco Sadh Sangat Samagam 2019**
**November 28 to December 01, 2019**

Samagam start at 4:30 pm on November 28 (Thursday) and ends at 12:00 pm on December 01 (Sunday)

**Sangat De Sewadar**
**Jagtar Bhatia (Chairman), Shinder Paul Narabut (President)**
**Dharam Pal Chonkria (General Secretary),**
**Vinod Kumar (Treasurer)**

# ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫ਼ਤਾ ਭਰ ਚੱਲਣ ਵਾਲੇ ਸਮਾਗਮ ਆਰੰਭ

ਸੁਲਤਾਨਪੁਰ ਲੋਧੀ- ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫ਼ਤਾ ਭਰ ਚੱਲਣ ਵਾਲੇ ਸਮਾਗਮ ਅੱਜ ਪਵਿੱਤਰ ਵੇਈਂ ਕਿਨਾਰੇ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਮੁੱਖ ਪੰਡਾਲ ਵਿੱਚ ਸਹਿਜ ਪਾਠ ਦੀ ਆਰੰਭਤਾ ਨਾਲ ਸ਼ੁਰੂ ਹੋਏ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਨਿਮਾਣੇ ਸਿੱਖ ਵਜੋਂ ਆਪਣੇ ਸਿਰ 'ਤੇ ਚੁੱਕ ਕੇ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਪੰਡਾਲ ਵਿੱਚ ਬੈਂਡ ਵਾਜਿਆਂ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਆਂਦੇ ਗਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਤ ਨੂੰ ਧਾਰਮਿਕ ਅਸਹਿਣਸ਼ੀਲਤਾ ਦੀਆਂ ਵਧ ਰਹੀਆਂ ਚੁਣੌਤੀਆਂ ਨਾਲ ਨਿਪਟਣ ਲਈ ਗੁਰੂ ਨਾਨਕ ਦੇਵ ਜੀ ਵੱਲੋਂ ਸਹਿਣਸ਼ੀਲਤਾ ਅਤੇ ਸਦਭਾਵਨਾ ਦੇ ਦਿੱਤੇ ਸੰਦੇਸ਼ ਨੂੰ ਅਪਣਾਉਣ ਦਾ ਸੱਦਾ ਦਿੱਤਾ।



ਇਸ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਇਕ ਨਿਮਾਣੇ ਸਿੱਖ ਵਜੋਂ ਫਰਜ਼ ਨਿਭਾਉਣ ਦੇ ਮਿਲੇ ਸੁਭਾਗ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਸੂਬਾ ਭਰ ਤੋਂ ਇੱਥੇ ਇਕੱਤਰ ਹੋਈ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, ''ਅਸੀਂ ਸਾਰੇ ਭਾਗਾਂ ਵਾਲੇ ਹਾਂ, ਜਿਨ੍ਹਾਂ ਦੇ ਜੀਵਨ ਵਿੱਚ ਇਹ ਮਹਾਨ ਮੌਕਾ ਆਇਆ ਹੈ।'' ਮੁੱਖ ਮੰਤਰੀ ਨੇ 12 ਨਵੰਬਰ ਨੂੰ ਕਰਵਾਏ ਜਾ ਰਹੇ ਮੁੱਖ ਸਮਾਗਮ ਵਿੱਚ ਸਮੁੱਚੀ ਸੰਗਤ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਆਗਾਜ਼ ਕਰਨਗੇ ਤਾਂ ਸਾਡਾ ਦਹਾਕਿਆਂ ਦਾ ਸੁਪਨਾ ਸਾਕਾਰ ਹੋਵੇਗਾ। ਇਸ ਮੌਕੇ ਮੁੱਖ ਮੰਤਰੀ ਨੇ ਨਵੇਂ ਪ੍ਰਸ਼ਾਸਕੀ ਕੰਪਲੈਕਸ ਅਤੇ ਸੁਲਤਾਨਪੁਰ ਲੋਧੀ ਦੇ ਵਿਰਾਸਤੀ ਸ਼ਹਿਰ ਦੁਆਲੇ 150 ਕਰੋੜ ਰੁਪਏ ਦੀ ਲਾਗਤ ਨਾਲ ਰਿੰਗ ਰੋਡ ਬਣਾਉਣ ਦਾ ਐਲਾਨ ਕੀਤਾ, ਜਿਸ ਨਾਲ ਬਾਕੀ ਸ਼ਹਿਰਾਂ ਨਾਲ ਸੰਪਰਕ ਵਧਾਇਆ ਜਾ ਸਕੇਗਾ।

ਇਸ ਮੌਕੇ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ 'ਤੇ ਸੁਰਜੀਤ ਪਾਤਰ ਜਿਹੇ ਉੱਘੇ ਪੰਜਾਬੀ ਲੇਖਕਾਂ ਵੱਲੋਂ ਲਿਖੀਆਂ ਅਤੇ ਸੰਪਾਦਨ ਕੀਤੀਆਂ ਚਾਰ ਪੁਸਤਕਾਂ ਵੀ ਜਾਰੀ ਕੀਤੀਆਂ। ਇਹ ਕਿਤਾਬਾਂ 'ਗੁਰੂ ਨਾਨਕ ਬਲੈਜ਼ਡ ਟ੍ਰੇਲ', 'ਗੁਰੂ ਨਾਨਕ ਬਾਣੀ', 'ਸੋਇਨੇ ਕਾ ਬਿਰਖ' ਅਤੇ 'ਗੁਰੂ ਨਾਨਕ ਦੇਵ ਜੀ ਲਾਈਫ ਐਂਡ ਰੇਲਿਕਸ', ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਨਿਸ਼ਾਨੀਆਂ, ਦੁਰਲੱਭ ਹੱਥ ਲਿਖਤਾਂ ਅਤੇ ਵਿਲੱਖਣ ਪੁਸਤਕਾਂ 'ਤੇ ਆਧਾਰਿਤ ਦੋ ਨੁਮਾਇਸ਼ਾਂ ਦਾ ਵੀ ਉਦਘਾਟਨ ਕੀਤਾ। ਇਨ੍ਹਾਂ ਵਿੱਚੋਂ ਇਕ ਨੁਮਾਇਸ਼ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਲਾਈ ਗਈ ਹੈ, ਜਿੱਥੇ ਪਹਿਲੇ ਸਿੱਖ ਪਾਤਸ਼ਾਹ ਦੇ ਜੀਵਨ ਨੂੰ ਦਰਸਾਉਂਦੇ 53 ਪੈਨਲ ਸਨ ਜਦਕਿ ਦੂਜੀ ਨੁਮਾਇਸ਼ ਪੰਜਾਬ ਲਘੂ ਉਦਯੋਗ ਬਰਾਮਦ ਨਿਗਮ ਵੱਲੋਂ ਲਾਈ ਗਈ ਹੈ।

ਇਸ ਮੌਕੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ, ਬਲਬੀਰ ਸਿੰਘ ਸਿੱਧੂ, ਓਪੀ ਸੋਨੀ, ਸੁਖਬਿੰਦਰ ਸਿੰਘ ਸਰਕਾਰੀਆ, ਰਜ਼ੀਆ ਸੁਲਤਾਨਾ, ਸੁੰਦਰ ਸ਼ਾਮ ਅਰੋੜਾ, ਭਾਰਤ ਭੂਸ਼ਣ ਆਸ਼ੂ ਅਤੇ ਵਿਜੈਇੰਦਰ ਸਿੰਗਲਾ ਤੋਂ ਇਲਾਵਾ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਵੀ ਸ਼ਾਮਲ ਹੋਏ। ਪੰਜਾਬ ਸਰਕਾਰ ਦੀ ਸਟੇਜ 'ਤੇ ਅੱਜ ਸੰਤ ਸਮਾਜ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਵਿੱਚੋਂ ਬਾਬਾ ਸਰਬਜੋਤ ਸਿੰਘ ਬੇਦੀ, ਨਿਰਮਲਾ ਪੰਚਾਇਤੀ ਅਖਾੜਾ ਦੇ ਮੁਖੀ ਸ੍ਰੀਮਹੰਤ ਗਿਆਨਦੇਵ, ਲੰਗਰਾਂ ਵਾਲੇ ਬਾਬਿਆਂ ਵਿੱਚ ਹਜ਼ੂਰ ਸਾਹਿਬ ਵਾਲੇ ਬਾਬੇ ਨਰਿੰਦਰ ਸਿੰਘ, ਸੰਤ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਬਿਧੀ ਚੰਦ ਦਲ ਦੇ ਮੁਖੀ ਸੰਤ ਅਵਤਾਰ ਸਿੰਘ, ਨਿਹੰਗ ਜਥੇਬੰਦੀਆਂ ਅਤੇ ਨਾਮਧਾਰੀ ਸੰਪ੍ਰਦਾ ਦੇ ਆਗੂ ਹਾਜ਼ਰ ਸਨ।

### ਡੇਰਾ ਬਾਬਾ ਨਾਨਕ ਸ਼ਰਧਾਲੂਆਂ ਦੇ ਸਵਾਗਤ ਲਈ ਤਿਆਰ


ਡੇਰਾ ਬਾਬਾ ਨਾਨਕ- ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਮਨਾਉਣ ਲਈ ਡੇਰਾ ਬਾਬਾ ਨਾਨਕ ਸੰਗਤਾਂ ਦੇ ਸਵਾਗਤ ਲਈ ਤਿਆਰ ਹੈ। ਧਾਰਮਿਕ ਸਮਾਗਮਾਂ ਲਈ ਪੰਡਾਲਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇੱਥੋਂ ਕਲਾਨੌਰ ਰੋਡ 'ਤੇ ਸਥਿੱਤ ਟੀ ਪੁਆਇੰਟ ਕੋਲ, ਜਿੱਥੇ ਟੈਂਟ ਸਿਟੀ ਤਿਆਰ ਕੀਤਾ ਗਿਆ ਹੈ, ਵਿੱਚ ਮੁੱਖ ਧਾਰਮਿਕ ਸਮਾਗਮ ਕਰਵਾਏ ਜਾਣੇ ਹਨ। ਦੂਜੇ ਪਾਸੇ ਕਰਤਾਰਪੁਰ ਲਾਂਘੇ ਦੇ ਕੰਮਾਂ ਨੂੰ ਤਕਨੀਕੀ ਮਾਹਿਰ ਅੰਤਿਮ ਛੋਹਾਂ ਦੇਣ ਵਿੱਚ ਮਸਰੂਫ਼ ਹਨ। ਇੱਥੋਂ ਦੇ ਬਟਾਲਾ ਰੋਡ 'ਤੇ ਬਾਬਾ ਮਨਜੀਤ ਸਿੰਘ ਜ਼ੀਰਕਪੁਰ ਵੱਲੋਂ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਤੌਰ 'ਤੇ ਇੱਕ ਫੱਟੀ ਤਿਆਰ ਕੀਤੀ ਜਾ ਰਹੀ ਹੈ, ਜਿਸ ਨੂੰ 6 ਨਵੰਬਰ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਜਾਣਗੀਆਂ। ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਉੱਚ ਅਧਿਕਾਰੀਆਂ ਨਾਲ ਇੱਥੇ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ ਕੋਲ 8 ਤੋਂ 11 ਨਵੰਬਰ ਤੱਕ 'ਡੇਰਾ ਬਾਬਾ ਨਾਨਕ ਉਤਸਵ' ਅਤੇ '9 ਤੋਂ 11 ਨਵੰਬਰ ' ਨੂੰ ਡਿਜੀਟਲ ਮਿਊਜ਼ੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣੇ ਹਨ। ਇੱਕ ਪੰਡਾਲ ਸਿਰਫ ਸ਼ਰਧਾਲੂਆਂ ਦੇ ਜੋੜੇ ਰੱਖਣ ਲਈ ਹੀ ਬਣਾਇਆ ਗਿਆ ਹੈ। ਸ੍ਰੀ ਰੰਧਾਵਾ ਨੇ ਦੱਸਿਆ ਕਿ ਸਭ ਤੋਂ ਵੱਡਾ ਕੰਮ ਟੈਂਟ ਸਿਟੀ ਦਾ ਸੀ, ਜੋ ਲਗਪਗ ਇੱਕ ਮਹੀਨੇ ਵਿੱਚ ਤਿਆਰ ਕੀਤਾ ਗਿਆ ਹੈ। ਇਸ ਵਿੱਚ 35 ਸੌ ਦੇ ਕਰੀਬ ਸ਼ਰਧਾਲੂਆਂ ਦੇ ਰਹਿਣ ਦਾ ਪ੍ਰਬੰਧ ਹੈ।

### ਸੁਲਤਾਨਪੁਰ ਲੋਧੀ 'ਚ ਆਇਆ ਸੰਗਤ ਦਾ ਹੜ੍ਹ

ਪੰਜਾਬ ਸਰਕਾਰ ਤੇ ਅਕਾਲੀ ਦਲ ਵਲੋਂ ਭਾਵੇਂ ਦੋ ਪੰਡਾਲ ਲਾ ਕੇ ਸੰਗਤ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਸੰਗਤ ਅਜਿਹੇ ਝਮੇਲਿਆਂ ਤੋਂ ਬੇਪ੍ਰਵਾਹ ਨਜ਼ਰ ਆਈ। ਪ੍ਰਕਾਸ਼ ਪੁਰਬ ਸਮਾਗਮਾਂ ਦੇ ਪਹਿਲੇ ਦਿਨ ਕਸਬੇ ਦੀਆਂ ਸੜਕਾਂ ਸੰਗਤ ਨਾਲ ਸਾਰਾ ਦਿਨ ਭਰੀਆਂ ਰਹੀਆਂ। ਗੁਰਦੁਆਰਾ ਬੇਰ ਸਾਹਿਬ 'ਚ ਮੱਥਾ ਟੇਕਣ ਵਾਲਿਆਂ ਨੂੰ ਘੰਟਿਆਂ-ਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਸੀ ਪਰ ਇਸ ਦੇ ਬਾਵਜੂਦ ਸੰਗਤ ਦਾ ਉਤਸ਼ਾਹ ਤੇ ਚਾਅ ਬਰਕਰਾਰ ਸੀ। ਪੰਜਾਬ ਸਰਕਾਰ ਵੱਲੋਂ ਬਣਾਏ ਗਏ ਪੰਡਾਲ ਦੀ ਖੂਬਸੂਰਤ ਦਿੱਖ ਖਿੱਚ ਦਾ ਕੇਂਦਰ ਰਹੀ ਅਤੇ ਉਸ ਅੱਗੇ ਲੱਗੇ ਫੁਹਾਰਿਆਂ ਨੂੰ ਦੇਖਣ ਲਈ ਭੀੜ ਇੱਕਠੀ ਹੁੰਦੀ ਰਹੀ। ਸੁਲਤਾਨਪੁਰ ਦੇ ਬਾਜ਼ਾਰਾਂ ਵਿੱਚ ਵੀ ਭੀੜ ਰਹੀ। ਦੁਕਾਨਦਾਰਾਂ ਦਾ ਕਹਿਣਾ ਸੀ ਕਿ ਸ਼ਤਾਬਦੀ ਸਮਾਗਮਾਂ ਕਾਰਨ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ ਜਦ ਕਿ ਖਾਣ ਪੀਣ ਦੀਆਂ ਦੁਕਾਨਾਂ ਦਾ ਕੰਮ ਮੱਠਾ ਚਲ ਰਿਹਾ ਹੈ ਕਿਉਂਕਿ ਥਾਂ-ਥਾਂ ਲੰਗਰ ਲੱਗੇ ਹੋਏ ਹਨ।

## (ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਫਲਸਫਾ ਅਤੇ ਸਿਧਾਂਤ ਸਮਝਣ ਦੀ ਲੋੜ



ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਤੇ ਸਿੱਖ ਧਰਮ ਦਾ ਮੁੱਢ ਬੰਨ੍ਹਿਆ।ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ,ਉਸ ਸਮੇਂ ਭਾਰਤ ਵਿਚ ਚਾਰੇ ਪਾਸੇ ਘੋਰ ਅੱਤਿਆਚਾਰ, ਜੁਲਮ, ਬੇਇਨਸਾਫ਼ੀ, ਰਿਸ਼ਵਤਖੋਰੀ, ਬੇਈਮਾਨੀ, ਝੂਠ, ਵਹਿਮ ਭਰਮ, ਪਾਖੰਡ, ਕਰਮ ਕਾਂਡ, ਅੰਧ ਵਿਸ਼ਵਾਸ, ਬੇਯਕੀਨੀ ਅਤੇ ਅਗਿਆਨਤਾ ਦਾ ਕੂੜ ਹਨੇਰਾ ਫੈਲਿਆ ਹੋਇਆ ਸੀ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਉਸ ਸਮੇਂ ਦੇ ਬਾਕੀ ਧਰਮਾਂ ਅਤੇ ਸਮਾਜ ਵਿੱਚ ਅਸਥਿਰਤਾ ਅਤੇ ਅਰਾਜਕਤਾ ਫੈਲੀ ਹੋਈ ਸੀ।ਲੋਕ ਦੁੱਖਾਂ ਦਰਦਾਂ ਚ ਨਪੀੜੇ ਕਰ੍ਹਾਉਂਦੇ ਤਰ੍ਹਾ ਤਰ੍ਹਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੀ ਕੁਰਲਾਹਟ ਅਤੇ ਦਰਦ ਨੂੰ ਮਹਿਸੂਸਦਿਆਂ ਆਕਾਲ ਪੁਰਖ ਨੂੰ ਸੰਬੋਧਿਤ ਲਿਖਿਆ ਹੈ:-

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।।
ਆਪੈ ਦੋਸ਼ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦ ਨਾ ਆਇਆ।।"

ਸਮਾਜ ਚ ਪ੍ਰਚੱਲਿਤ ਬੁਰਾਈਆਂ, ਝੂਠੇ ਆਡੰਬਰਾਂ, ਗੈਰ ਇਖਲਾਕੀ ਕਾਰਵਾਈਆਂ, ਅੰਧ-ਵਿਸ਼ਵਾਸ਼, ਸਮਾਜਿਕ ਨਾਬਰਾਬਰੀ, ਛੂਆ-ਛਾਤ,ਜਾਤ-ਪਾਤ, ਔਰਤਾਂ 'ਤੇ ਅੱਤਿਆਚਾਰ, ਜਬਰ ਜੁਲਮਾਂ ਦਾ ਸ਼ਿਕਾਰ ਲਤਾੜੇ ਲੋਕਾਂ ਦੀ ਆਹ ਨੂੰ ਬਿਆਨਦਿਆਂ ਗੁਰੂ ਸਾਹਿਬ ਨੇ ਬਾਬਰ ਬਾਣੀ ਚ ਲਿਖਿਆ ਹੈ:-

"ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ" (ਪੰ: 722)। ਉਹਨਾਂ ਅਜਿਹੀਆਂ ਕੁਰੀਤੀਆਂ ਨੂੰ ਤਿਲਾਂਜਲੀ ਦੇ ਕੇ ਜੜ੍ਹੋਂ ਖਤਮ ਕਰਨ ਲਈ ਇਨਕਲਾਬੀ, ਮਾਨਵਵਾਦੀ, ਅਧਿਆਤਮਵਾਦੀ, ਕਰਮ ਕਾਂਡ ਮੁਕਤ, ਰੂਹਾਨੀਅਤਵਾਦੀ ਅਤੇ ਸਮਾਜਵਾਦੀ ਸੋਚ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਧਰਮਾਂ ਅਤੇ ਜਾਤਾਂ ਦੀ ਚੱਕੀ ਚ ਪਿਸ ਰਹੇ ਸਮਾਜ ਨੂੰ "ਮਾਨਸੁ ਕੀ ਜਾਤ ਸਬੈ ਏਕੈ ਪਹਿਚਾਣਬੋ" ਦਾ ਸੰਦੇਸ਼ ਦਿੱਤਾ।

ਉਹਨਾਂ ਸਮਾਜਿਕ ਬੁਰਾਈਆਂ ਦੇ ਖਾਤਮੇ ਦਾ ਜਿੱਥੇ ਜੋਰਦਾਰ ਵਿਰੋਧ ਅਤੇ ਖੰਡਨ ਕੀਤਾ, ਉੱਥੇ ਆਤਮਿਕ ਅਤੇ ਰੂਹਾਨੀਅਤ ਪਵਿੱਤਰਤਾ ਅਤੇ ਸ਼ੁੱਧਤਾ ਉੱਪਰ ਵੀ ਜ਼ੋਰ ਦਿੱਤਾ। ਉਹਨਾ "ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ' ਦੇ ਸੰਦੇਸ਼ ਨੂੰ

"ਘਾਲਿ ਖਾਇ ਕੁਛ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ।।" ਰਾਹੀਂ ਜੀਵਣ ਚ ਪਰਮ ਅਗੇਤ ਦੇਣ ਅਤੇ ਮਨ ਨੂੰ ਨਾਮ ਦੀ ਮੂਲਵਾਦੀ ਧਾਰਨਾ ਨਾਲ ਜੋੜਨ ਦੀ ਜੀਵਨ ਸੇਧ ਦਾ ਸੱਦਾ ਦਿੰਦਿਆਂ ਗੁਰਬਾਣੀ ਚ ਲਿਖਿਆ ਹੈ:-

"ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।।"

ਗੁਰੂ ਸਾਹਿਬ ਨੇ ਸਿੱਖ ਧਰਮ ਨੂੰ ਨਵੀਂ ਫਿਲਾਸਫੀ ਅਤੇ ਸਿਧਾਂਤਾਂ ਦੇ ਆਧਾਰਿਤ ਖੜ੍ਹਾ ਕਰਕੇ ਇੱਕ ਮਾਨਵਵਾਦੀ, ਨਿਵੇਕਲੀ ਅਤੇ ਵਿਲੱਖਣ ਸੋਚ ਨੂੰ ਜੀਵਣ ਜਾਂਚ ਬਣਾਉਣ ਦਾ ਸੱਦਾ ਦਿੱਤਾ ਹੈ। ਉਹਨਾਂ ਸਮਾਜਿਕ ਨਾਬਰਾਬਰੀ ਅਤੇ ਜਾਤੀ ਵੰਡ ਨੂੰ ਭੰਡਿਆ,ਇਸ ਵਿਰੁੱਧ ਕ੍ਰਾਂਤੀਕਾਰੀ ਅਤੇ ਦਲੇਰਾਨਾ ਆਵਾਜ਼ ਬੁਲੰਦ ਕਰਦਿਆਂ ਡਟਵਾਂ ਵਿਰੋਧ ਕੀਤਾ ਅਤੇ ਆਕਾਲ ਬਾਣੀ ਚ ਜ਼ਿਕਰ ਕੀਤਾ ਹੈ:-

"ਤੂੰ ਸਾਹਿਬ ਮੇਰਾ ਹਉ ਸਾਂਗੀ ਤੇਰਾ
ਪ੍ਰਣਵੈ ਨਾਨਕੁ ਜਾਤ ਕੈਸੀ।।"ਅੰਗ ੩੫੯

ਅਤੇ

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) "

ਗੁਰੂ ਸਾਹਿਬ ਨੇ ਇਸ ਬਾਬਤ ਜਾਤਾਂ -ਪਾਤਾਂ ਅਤੇ ਵਰਣਾਂ ਚ ਵੰਡੇ ਸਮਾਜ ਪ੍ਰਤੀ ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਅਤੇ ਬਾਲਾ ਨੂੰ ਆਪਣਾ ਭਾਈ ਬਣਾ ਕੇ ਆਪਣੀ ਸੰਗਤ ਕਰਨ ਲਈ ਨਿਵਾਜਿਆ ਅਤੇ ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਧੀ ਅਤੇ ਉੱਚ ਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾ ਕੇ ਅਮੀਰੀ ਦੀ ਧੌਂਸ ਅਤੇ ਹੰਕਾਰ ਤੋੜਿਆ।। ਗੁਰਬਾਣੀ 'ਚ ਫ਼ੁਰਮਾਨ ਕੀਤਾ ਹੈ:-

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ।।1।। ਰਹਾਉ।। ਪੰਨਾ-1127-28)

ਗੁਰੂ ਸਾਹਿਬ ਨੇ ਸਮਾਜ ਦੇ ਨੀਚ, ਦੱਬੇ ਕੁਚਲੇ, ਸਮਾਜ ਦੇ ਦੁਰਕਾਰੇ ਲੋਕਾਂ ਨੂੰ ਇਕੱਠਾ ਕਰਕੇ ਇਕ ਸ਼ਕਤੀਸ਼ਾਲੀ ਸਿੱਖ-ਕੌਮ ਦੀ ਸਿਰਜਣਾ ਕੀਤੀ,ਜਿਸਦੀ ਅੱਗੇ ਸਿੱਖ ਗੁਰੂ ਸਾਹਿਬਾਨਾਂ ਨੇ ਅਗਵਾਈ ਕੀਤੀ ਅਤੇ ਰੂਹ ਫੂਕੀ । ਇਸ ਨਿਡਰ ਅਤੇ ਬੇਖੌਫ਼ ਕੌਮ ਨੇ ਅੱਗੇ ਜਾ ਕੇ, ਮੁਗ਼ਲ ਹਕੂਮਤ ਦੇ ਸਦੀਆਂ ਪੁਰਾਣੇ ਰਾਜ ਤਖਤੇ ਨੂੰ ਉਲਟਾ ਕੇ, ਇਹ ਸਾਬਤ ਕਰ ਦਿੱਤਾ ਸੀ ਕਿ ਭਾਰਤ ਵਿਚ ਇਕ ਗੁਰੂ ਨਾਨਕ ਦੀ ਸ਼ਕਤੀਸ਼ਾਲੀ ਅਤੇ ਬਹਾਦਰ ਕੌਮ ਵੀ ਹੈ। ਉਹਨਾਂ ਇਸਤਰੀ ਜਾਤ ਨੂੰ ਸਮ-ਾਜਿਕ ਬਰਾਬਰੀ ਦੇਣ ਜੋਰਦਾਰ ਆਵਾਜ਼ ਬੁਲੰਦ ਕੀਤੀ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਪੰਨਾ-੪੭੩"

ਅਤੇ ਕਿਹਾ,

"ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।।" ਨਾਲ ਇੱਜਤ ਅਤੇ ਸਮਾਜਿਕ ਰੁਤਬਾ ਬਹਾਲ ਕਰਨ ਦੀ ਨਸੀਹਤ ਦਿੱਤੀ।ਉਹਨਾਂ ਸਮਾਜਿਕ ਬੁਰਾਈਆਂ ਵਿਰੁੱਧ ਸਿਧਾਂਤਕ ਇਨਕਲਾਬੀ ਲਹਿਰ ਖੜੀ ਕਰ ਦਿੱਤੀ। ਇਸ ਲੋਕ ਲਹਿਰ ਨਾਲ ਲੋਕਾਂ ਵਿੱਚ ਜਾਗਰੂਕਤਾ ਪੈਦਾ ਹੋਣ ਲੱਗੀ ਅਤੇ ਹਿੰਦੁਸਤਾਨ ਦੇ ਦੱਬੇ ਕੁਚਲੇ ਲੋਕਾਂ ਦੀ ਇੱਜਤ ਅਤੇ ਸਮਾਜ ਸੁਧਾਰ ਦੀ ਮਜਬੂਤ ਹੋਈ। ਉਹਨਾਂ ਝੂਠੇ ਕਰਮ ਕਾਂਡਾਂ ਅਤੇ ਅੰਧ ਵਿਸ਼ਵਾਸ਼ੀ ਰਵਾਇਤਾਂ ਦਾ ਡਟਵਾਂ ਵਿਰੋਧ ਕੀਤਾ ਅਤੇ ਮਨ ਨੂੰ ਪ੍ਰਮਾਤਮਾ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ। ਉਹਨਾਂ ਮੂਰਤੀ ਪੂਜਾ, ਤੀਰਥ ਇਸ਼ਨਾਨ ਅਤੇ ਬ੍ਰਾਹਮਣਵਾਦੀ ਰਵਾਇਤਾਂ ਤਿਲਕ ਅਤੇ ਜੰਞੂ ਦੀ ਵਿਚਾਰਧਾਰਾ ਦਾ ਪਰਦਾਫਾਸ਼ ਕੀਤਾ।ਇਹ ਜੰਞੂ ਦੰਭੀ, ਫਰੇਬੀ, ਕਸਾਈ, ਬੇਹੱਕੀ ਦਾ ਮਾਲਕ ਸੀ । ਗੁਰੂ ਸਾਹਿਬ ਨੇ ਝੂਠ ਜੰਞੂ ਦੀ ਥਾਂ ਅਸਲੀਅਤ ਵਾਲਾ ਜੰਞੂ ਪਾਉਣ ਲਈ ਸਮਝਾਉਂਦੇ ਹੋਏ ਫੁਰਮਾਇਆ:-

"ਦਇਆ ਕਪਾਹ ਸੰਤੋਖ ਸੂਤ
ਜਤ ਗੰਢੀ ਸਤ ਵੱਟ।
ਇਹ ਜਨੇਉ ਜੀਅ ਕਾ ,
ਹਈ ਤਾਂ ਪਾਂਡੇ ਘੱਤ।"

ਗੁਰੂ ਸਾਹਿਬ ਸੱਚ ਦਾ ਰਸਤਾ ਅਪਣਾਉਣ ਦੀ ਨਸੀਹਤ ਦਿੰਦੇ ਹਨ। ਉਹ ਝੂਠੇ ਕਰਮ ਕਾਂਡਾਂ ਦੀ ਉਪਾਸਨਾ ਦੀ ਬਜਾਇ ਸੱਚਾਈ ਜਾਨਣ ਅਤੇ ਇਸਦੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ।ਗੁਰੂ ਸਾਹਿਬ ਗੁਰਬਾਣੀ ਦਾ ਹਵਾਲਾ ਦਿੰਦਿਆਂ ਸਮਝਾਉਂਦੇ ਹਨ ਕਿ ਦੰਭੀ, ਫਰੇਬੀ ਅਤੇ ਖੋਟੇ ਮਨ ਨਾਲ ਤੀਰਥਾਂ ਜਾਣ ਦਾ ਕੋਈ ਫਾਇਦਾ ਨਹੀਂ। ਮਨ ਦੀ ਮੈਲ ਨੂੰ ਗਿਆਨ ਦੇ ਨੀਰ ਨਾਲ ਸਾਫ ਕਰਨ ਸਿੱਖਿਆ ਦਿੰਦਿਆਂ ਗੁਰੂ ਸਾਹਿਬ ਲਿਖਦੇ ਹਨ:-

"ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥"

ਗੁਰੂ ਜੀ ਨੇ ਬਾਣੀ ਚ "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥"
(ਗੁਰੂ ਗ੍ਰੰਥ ਸਾਹਿਬ, ਪੰਨਾ ੪੭੩)

'ਗੁਰੂ ਨਾਨਕ ਪਾਤਿਸਾਹ ਦੇ ਇਸ ਸਲੋਕ ਦੇ ਅਰਥ ਸਿੱਖ ਨੂੰ ਤਾਂ ਕੀ ਹਰ ਮਨੁੱਖ ਨੂੰ ਫਿਕਾ ਬੋਲਣ ਤੋਂ ਗੁਰੇਜ ਕਰਣ ਚਾਹੀਦਾ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਸਾਹਿਬ ਗਿਆਨ ਦੀ ਪ੍ਰਾ-ਪਤੀ ਹਿੱਤ ਸੁਚੇਤ ਕਰਦਿਆਂ ਗੁਰੂ ਦੀ ਮਹਾਨਤਾ ਸਮਝਾਉਂਦੇ ਬਾਣੀ ਚ ਲਿਖਦੇ ਹਨ:-

" ਕੁੰਭੇ ਬਧਾ ਜਲ ਰਹੇ,
ਜਲ ਬਿਨੁ ਕੁੰਭ ਨਾ ਹੋਇ ।
ਗਿਆਨ ਕਾ ਬੱਧਾ ਮਨੁ ਰਹੇ,
ਗੁਰ ਬਿਨ ਗਿਆਨ ਨ ਹੋਇ ॥ (ਪੰਨਾ 80)

ਸੱਚੇ,ਗਿਆਨੀ,ਸੂਝਵਾਨ, ਪ੍ਰਭੂ ਪ੍ਰੇਮੀ ਅਤੇ ਸਾਧ ਲੋਕ ਤੀਰਥਾਂ ਤੇ ਨਹਾਤੇ ਬਿਨਾਂ ਹੀ ਭਲੇ ਹਨ। ਗੁਰੂ ਸਾਹਿਬ ਦੀ ਬਾਣੀ ਪਿਆਰ, ਨਿਮਰਤਾ, ਸਹਿਜਤਾ, ਗਿਆਨਤਾ ਦਾ ਸੁਨੇਹਾ "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤੱਤੁ" ਜਾਂ "ਨਾਨਕ ਨੀਵਾਂ ਜੋ ਚਲੇ ਲਾਗੇ ਨ ਤਾਤੀ ਵਾਓ" ਰਾਹੀਂ ਦਿੰਦਿਆਂ "ਮਨ ਜੀਤੇ ਜਗ ਜੀਤ" ਦੀ ਪ੍ਰੋੜ੍ਹਤਾ ਕਰਦੀ ਹਨ।ਉਹਨਾਂ ਮਨੁੱਖੀ ਜੀਵਣ ਦੀ ਮੁੱਢਲੀ ਲੋੜ ਪਾਣੀ, ਹਵਾ ਅਤੇ ਧਰਤੀ ਦੀ ਅਹਿਮੀਅਤ ਨੂੰ ਉਜਾਗਰ ਕਰਦਿਆਂ ਗੁਰਬਾਣੀ ' ਚ ਲਿਖਿਆ ਹੈ:-

"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ।।" ਅਤੇ " ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।।" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਿਆਵਾਂ ਨੂੰ ਸਿਧਾਂਤਕ ਅਤੇ ਅਸਲੀਅਤ ਜਾਮਾ ਪਹਿਨਾ ਕੇ ਸਿੱਖ ਫਲਸਫੇ ਅਨੁਕੂਲ ਜੀਵਣ ਜਾਂਚ ਸਿਖਾਈ ਹੈ।

ਗੁਰੂ ਸਾਹਿਬ ਨੇ ਰੂਹਾਨੀਅਤ ਗਿਆਨ ਨੂੰ ਸੰਸਾਰ ਚ ਫੈਲਾਉਣ, ਝੂਠੇ ਆਡੰਬਰਾਂ ਅਤੇ ਕਰਮ ਕਾਂਡਾਂ ਦਾ ਭਾਂਡਾ ਭੰਨਣ ਲਈ ਉਦਾਸੀਆਂ ਕੀਤੀਆਂ ਸਨ। ਸਿੱਧਾਂ, ਗੋਰਖ-ਮੱਤੀਆਂ, ਸੱਜਣ ਠੱਗ, ਕੌਡੇ ਰਾਕਸ਼ ਵਰਗਿਆ ਨੂੰ ਸੱਚ ਦੇ ਰਸਤੇ ਤੋਰ ਕੇ ਸਮਾਜ ਸੁਧਾਰਕ ਬਣਾਇਆ।

ਉਹਨਾਂ ਗੁਰਬਾਣੀ ਦੇ ਪ੍ਰਸਾਰ ਲਈ ਮੱਕੇ-ਮਦੀਨੇ, ਢਾਕਾ, ਤਿੱਬਤ, ਕਾਠਮਾਂਡੂ ਤੱਕ ਯਾਤਰਾਵਾਂ ਕਰਕੇ ਸਿੱਖੀ ਦਾ ਸੁਨੇਹਾ ਦਿੱਤਾ।

ਸਮਾਜਿਕ ਬਰਾਰਤਾ ਨੂੰ ਬੜਾਵਾ ਦੇਣ ਅਤੇ ਛੂਆ-ਛਾਤ ਨੂੰ ਚੁਣੌਤੀ ਦੇਣ ਲਈ ਉਹਨਾਂ ਕੋਲ ਚੂਹੜਕਾਣਾ (ਪਾਕਿਸਤਾਨ) ਦੇ ਸਥਾਨ ਤੇ ਵਿਚਾਰਾਂ ਕਰਨ ਆਏ ਭਗਤਾਂ ਅਤੇ ਸੂਝਵਾਨ ਸਾਧੂਆਂ ਇੱਕੋ ਪੰਕਤ ਚ ਬਿਠਾ ਕੇ ਭੋਜਨ ਛਕਾ ਦਿੱਤੀ। ਉਹਨਾਂ ਪਰਮ ਪ੍ਰਮਾਤਮਾ ਨਾਲ ਸੱਚੀ ਰੂਹ ਨਾਲ ਜੁੜਨ ਦਾ ਸੁਨੇਹਾ ਦੇਣ ਲਈ ਬੇਬੇ ਨਾਨਕੀ ਦੇ ਫੁਲਕਾ ਫੁੱਲਣ ਤੇ ਯਾਦ ਆਉਣ ਤੇ ਤੁਰੰਤ ਹਾਜਰ ਹੋ ਗਏ।

ਇਸੇ ਕਰਕੇ ਉਹ ਗੁਰੂ, ਪੀਰ, ਸੰਤ ਅਤੇ ਲਾਮੇ ਕਹਿਲਾਏ। ਆਪ ਹੱਥੀਂ ਖੇਤੀ ਕਰਕੇ ਕਰਮ ਕਰਨ ਦਾ ਸਾਰਥਿਕ ਸੁਨੇਹਾ ਦਿੱਤਾ।

ਉਹਨਾਂ ਸਾਰੀਆਂ ਬਾਣੀਆਂ ਚ ਮਨੁੱਖਤਾ ਦੀ ਭਲਾਈ ਅਤੇ ਅਨਾਦਿ ਸੱਚਾਈ ਨੂੰ ਜੀਵਨ ਆਧਾਰ ਅਧਿਆਤਮਵਾਦ ਅਤੇ ਸਮਾਜਵਾਦੀ ਬਣਨ 'ਤੇ ਜੋਰ ਦਿੱਤਾ ਹੈ।ਉਹਨਾਂ ਪ੍ਰਤੀ ਸ਼ਾਇਰ ਦੀਆਂ ਸਤਰਾਂ

"ਬੇਬੇ ਨਾਨਕੀ ਦਾ ਵੀਰ ਬਣ ਆਇਆ ਜੱਗ ਤੇ,
ਪਿਤਾ ਕਾਲੂ ਦਾ ਵੀ ਨਾਮ ਰੁਸ਼ਨਾਇਆ ਜੱਗ ਤੇ,
ਮਾਂ ਤ੍ਰਿਪਤਾ ਦੀ ਗੋਦ ਦਾ ਸ਼ਿੰਗਾਰ ਬਣਿਆ,
ਉਹਨੂੰ ਜਿਹਨੇ ਵੀ ਪੁਕਾਰਿਆ ਉਹ ਆਣ ਖੜਿਆ,
ਕੋਈ ਉਹਨੂੰ ਲਾਮਾ ਕੋਈ ਪੀਰ ਆਖਦਾ
ਪਰ ਸਿੱਖੀ ਵਾਲਾ ਬੂਟਾ ਪੱਕਾ ਉਹ ਲਗਾ ਗਿਆ...
ਜੰਗਲਾਂ ਚ ਮੰਗਲ ਹੈ ਪਿਆ ਬਣਿਆ
ਪੈਰ ਜਿੱਥੇ ਜਿੱਥੇ ਬਾਬਾ ਨਾਨਕ ਟਿਕਾ ਗਿਆ..."

ਆਉ ਸਾਰੇ ਰਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਉਹਨਾਂ ਦੀ ਸਿੱਖਿਆਵਾਂ ਨੂੰ ਜੀਵਣ ਧਾਰਨ ਕਰਕੇ ਸੱਚੇ ਸੁੱਚੇ ਅਧਿਆਤਮਵਾਦੀ, ਸਮਾਜਵਾਦੀ ਸਿੱਖ ਦਾ ਜੀਵਨ ਜਿਉਣ ਦਾ ਸੰਕਲਪ ਅਤੇ ਪ੍ਰਣ ਕਰੀਏ।

ਗੁਰੂ ਸਾਹਿਬ ਗਿਆਨ ਦੀ ਪ੍ਰਾਪਤੀ ਹਿੱਤ ਸੁਚੇਤ ਕਰਦਿਆਂ ਗੁਰੂ ਦੀ ਮਹਾਨਤਾ ਸਮਝਾਉਂਦੇ ਬਾਣੀ ਚ ਲਿਖਦੇ ਹਨ:-

" ਕੁੰਭੇ ਬਧਾ ਜਲ ਰਹੇ,
ਜਲ ਬਿਨੁ ਕੁੰਭ ਨਾ ਹੋਇ ।
ਗਿਆਨ ਕਾ ਬੱਧਾ ਮਨੁ ਰਹੇ,

ਗੁਰ ਬਿਨ ਗਿਆਨ ਨ ਹੋਇ ॥ (ਪੰਨਾ 80)
ਸੱਚੇ,ਗਿਆਨੀ,ਸੂਝਵਾਨ, ਪ੍ਰਭੂ ਪ੍ਰੇਮੀ ਅਤੇ ਸਾਧ ਲੋਕ ਤੀਰਥਾਂ ਤੇ ਨਹਾਤੇ ਬਿਨਾਂ ਹੀ ਭਲੇ ਹਨ।ਗੁਰੂ ਸਾਹਿਬ ਦੀ ਬਾਣੀ ਪਿਆਰ,ਨਿਮਰਤਾ, ਸਹਿਜਤਾ,ਗਿਆਨਤਾ ਦਾ ਸੁਨੇਹਾ "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤੱਤੁ" ਜਾਂ "ਨਾਨਕ ਨੀਵਾਂ ਜੋ ਚਲੇ ਲਾਗੇ ਨ ਤਾਤੀ ਵਾਓ" ਰਾਹੀਂ ਦਿੰਦਿਆਂ "ਮਨ ਜੀਤੇ ਜਗ ਜੀਤ " ਦੀ ਪ੍ਰੋੜ੍ਹਤਾ ਕਰਦੀ ਹਨ।ਉਹਨਾਂ ਮਨੁੱਖੀ ਜੀਵਣ ਦੀ ਮੁੱਢਲੀ ਲੋੜ ਪਾਣੀ,ਹਵਾ ਅਤੇ ਧਰਤੀ ਦੀ ਅਹਿਮੀਅਤ ਨੂੰ ਉਜਾਗਰ ਕਰਦਿਆਂ ਗੁਰਬਾਣੀ ਚ ਲਿਖਿਆ ਹੈ:-
"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ।।" ਅਤੇ " ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।।" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਿਆਵਾਂ ਨੂੰ ਸਿਧਾਂਤਕ ਅਤੇ ਅਸਲੀਅਤ ਜਾਮਾ ਪਹਿਨਾ ਕੇ ਸਿੱਖ ਫਲਸਫੇ ਅਨੁਕੂਲ ਜੀਵਣ ਜਾਂਚ ਸਿਖ-ਾਈ ਹੈ।ਗੁਰੂ ਸਾਹਿਬ ਨੇ ਰੂਹਾਨੀਅਤ ਗਿਆਨ ਨੂੰ ਸੰਸਾਰ ਚ ਫੈਲਾਉਣ ,ਝੂਠੇ ਆਡੰਬਰਾਂ ਅਤੇ ਕਰਮ ਕਾਂਡਾਂ ਦਾ ਭਾਂਡਾ ਭੰਨਣ ਲਈ ਉਦਾਸੀਆਂ ਕੀਤੀਆਂ ਸਨ। ਸਿੱਧਾਂ,ਗੋਰਖ-ਮੱਤੀਆਂ,ਸੱਜਣ ਠੱਗ,ਕੌਡੇ ਰਾਕਸ਼ ਵਰਗਿਆ ਨੂੰ ਸੱਚ ਦੇ ਰਸਤੇ ਤੋਰ ਕੇ ਸਮਾਜ ਸੁਧਾਰਕ ਬਣਾਇਆ।
ਉਹਨਾਂ ਗੁਰਬਾਣੀ ਦੇ ਪ੍ਰਸਾਰ ਲਈ ਮੱਕੇ-ਮਦੀਨੇ, ਢਾਕਾ, ਤਿੱਬਤ,ਕਾਠਮਾਂਡੂ ਤੱਕ ਯਾਤਰਾਵਾਂ ਕਰਕੇ ਸਿੱਖੀ ਦਾ ਸੁਨੇਹਾ ਦਿੱਤਾ।
ਸਮਾਜਿਕ ਬਰਾਰਤਾ ਨੂੰ ਬੜਾਵਾ ਦੇਣ ਅਤੇ ਛੂਆ-ਛਾਤ ਨੂੰ ਚੁਣੌਤੀ ਦੇਣ ਲਈ ਉਹਨਾਂ ਕੋਲ ਚੂਹੜਕਾਣਾ (ਪਾਕਿਸਤਾਨ)ਦੇ ਸਥਾਨ ਤੇ ਵਿਚਾਰਾਂ ਕਰਨ ਆਏ ਭਗਤਾਂ ਅਤੇ ਸੂਝਵਾਨ ਸਾਧੂਆਂ ਇੱਕੋ ਪੰਕਤ ਚ ਬਿਠਾ ਕੇ ਭੋਜਨ ਛਕਾ ਦਿੱਤੀ।ਉਹਨਾਂ ਪਰਮ ਪ੍ਰਮਾਤਮਾ ਨਾਲ ਸੱਚੀ ਰੂਹ ਨਾਲ ਜੁੜਨ ਦਾ ਸੁਨੇਹਾ ਦੇਣ ਲਈ ਬੇਬੇ ਨਾਨਕੀ ਦੇ ਫੁਲਕਾ ਫੁੱਲਣ ਤੇ ਯਾਦ ਆਉਣ ਤੇ ਤੁਰੰਤ ਹਾਜਰ ਹੋ ਗਏ। ਇਸੇ ਕਰਕੇ ਉਹ ਗੁਰੂ,ਪੀਰ,ਸੰਤ ਅਤੇ ਲਾਮੇ ਕਹਿਲਾਏ।ਆਪ ਹੱਥੀਂ ਖੇਤੀ ਕਰਕੇ ਕਰਮ ਕਰਨ ਦਾ ਸਾਰਥਿਕ ਸੁਨੇਹਾ ਦਿੱਤਾ।
ਉਹਨਾਂ ਸਾਰੀਆਂ ਬਾਣੀਆਂ ਚ ਮਨੁੱਖਤਾ ਦੀ ਭਲਾਈ ਅਤੇ ਅਨਾਦਿ ਸੱਚਾਈ ਨੂੰ ਜੀਵਨ ਆਧਾਰ ਅਧਿਆਤਮਵਾਦ ਅਤੇ ਸਮਾਜਵਾਦੀ ਬਣਨ 'ਤੇ ਜੋਰ ਦਿੱਤਾ ਹੈ।ਉਹਨਾਂ ਪ੍ਰਤੀ ਸ਼ਾਇਰ ਦੀਆਂ ਸਤਰਾਂ
"ਬੇਬੇ ਨਾਨਕੀ ਦਾ ਵੀਰ ਬਣ ਆਇਆ ਜੱਗ ਤੇ,
ਪਿਤਾ ਕਾਲੂ ਦਾ ਵੀ ਨਾਮ ਰੁਸ਼ਨਾਇਆ ਜੱਗ ਤੇ,
ਮਾਂ ਤ੍ਰਿਪਤਾ ਦੀ ਗੋਦ ਦਾ ਸ਼ਿੰਗਾਰ ਬਣਿਆ,
ਉਹਨੂੰ ਜਿਹਨੇ ਵੀ ਪੁਕਾਰਿਆ ਉਹ ਆਣ ਖੜਿਆ,
ਕੋਈ ਉਹਨੂੰ ਲਾਮਾ ਕੋਈ ਪੀਰ ਆਖਦਾ
ਪਰ ਸਿੱਖੀ ਵਾਲਾ ਬੂਟਾ ਪੱਕਾ ਉਹ ਲਗਾ ਗਿਆ...
ਜੰਗਲਾਂ ਚ ਮੰਗਲ ਹੈ ਪਿਆ ਬਣਿਆ
ਪੈਰ ਜਿੱਥੇ ਜਿੱਥੇ ਬਾਬਾ ਨਾਨਕ ਟਿਕਾ ਗਿਆ..."
ਆਉ ਸਾਰੇ ਰਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਉਹਨਾਂ ਦੀ ਸਿੱਖਿਆਵਾਂ ਨੂੰ ਜੀਵਣ ਧਾਰਨ ਕਰਕੇ ਸੱਚੇ ਸੁੱਚੇ ਅਧਿਆਤਮਵਾਦੀ,ਸਮਾਜਵਾਦੀ ਸਿੱਖ ਦਾ ਜੀਵਨ ਜਿਉਣ ਦਾ ਸੰਕਲਪ ਅਤੇ ਪ੍ਰਣ ਕਰੀਏ।

# ਸ੍ਰੀ ਕਰਤਾਰਪੁਰ ਸਾਹਿਬ


ਹਿੰਦੋਸਤਾਨ ਦੇ ਹੋ ਗਏ ਟੁਕੜੇ ਵਰਤ ਗਿਆ ਫਿਰ ਭਾਣਾ
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁਸ ਗਿਆ ਨਨਕਾਣਾ
ਨੈਣ ਤਰਸਦੇ ਰਹਿੰਦੇ ਤੇ ਸਾਡੀ ਜ਼ਿੰਦਗੀ ਸਦਾ ਅਧੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ਲਾਂਘੇ ਦੀ ਮਨਜ਼ੂਰੀ।

ਰਾਹਦਾਰੀ ਨਾ ਵੀਜ਼ੇ ਮਿਲਦੇ ਚੁੱਪ ਕਰਕੇ ਅਸੀਂ ਬਹਿ ਗਏ
ਸ੍ਰੀ ਪੰਜਾ ਤੇ ਨਨਕਾਣਾ ਸਾਹਿਬ ਸਾਡੇ ਸੁਪਨੇ ਬਣ ਕੇ ਰਹਿ ਗਏ
ਗੁਰੂ ਤਾਂ ਸਭ ਦਾ ਸਾਂਝਾ ਸੌਂਦੇ ਕਰਕੇ ਸਬਰ ਸਬੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਚੀਰ ਦਿੱਤਾ ਦਿਲ ਸਾਡਾ ਸੀ ਫਿਰ ਜਾਂਦੇ ਕਿਹੜੇ ਪਾਸੇ
ਕਿਵੇਂ ਖੇਡੀ ਖੇਡ ਫਰੰਗੀਆਂ ਦਿਲ ਨੂੰ ਦੇਵੇ ਕੌਣ ਦਿਲਾਸੇ
ਉਥੇ ਦੂਰਬੀਨਾਂ ਨਾ ਦਰਸ਼ਨ ਕੀਤੇ ਸਾਡੀ ਸੀ ਮਜਬੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਰੱਬ ਸਹੀ ਸਲਾਮਤ ਰੱਖੇ ਸਭ ਨੇ ਆਪਣਾ ਫਰਜ਼ ਨਿਭਾਇਆ
ਸ਼ੁਕਰ ਕਰਾਂ ਸਰਕਾਰਾਂ ਦਾ ਮਿਲ ਕੇ ਕੰਮ ਤਾਂ ਸਿਰੇ ਚੜ੍ਹਾਇਆ
ਹੋਰ ਅਸੀਂ ਕੀ ਚਾਹੁੰਦੇ ਮਿਟ ਗਈ ਦੋ ਦੇਸ਼ਾਂ ਦੀ ਦੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਸਾਢੇ ਪੰਜ ਸੌ ਸਾਲ ਮਨਾਈਏ ਤੇ ਸਾਰੇ ਮੱਥਾ ਟੇਕਣ ਜਾਈਏ
ਕੁੱਲ ਹਿੰਦੂ ਮੁਸਲਿਮ ਸਿੱਖ ਇਕੱਠੇ ਹੋ ਜਾ ਕੇ ਭੁੱਲ ਬਖਸ਼ਾਈਏ
ਦੱਸੇ 'ਦੇਵ ਘੋਲੀਏ' ਵਾਲ਼ਾ ਹੋਈ ਆਸ ਤਾਂ ਸਭ ਦੀ ਪੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ਲਾਂਘੇ ਦੀ ਮਨਜ਼ੂਰੀ।



- ਦੇਵ ਘੋਲੀਆ
ਖੁਰਦ
(ਫਰਿਜ਼ਨੋ)
559-232-7764

# ਮਿੱਠਾ ਮੱਲ ਇਮਰਾਨ ਖ਼ਾਂ !

ਸੂਬੇਦਾਰ ਲਾਹੌਰ ਦਾ ਮੀਰ ਮੰਨੂ
ਮੁੱਲ ਸਿੱਖਾਂ ਦੇ ਸਿਰਾਂ ਦੇ ਪਾਉਣ ਵਾਲ਼ਾ।
ਕੌੜਾ ਮੱਲ ਦੀਵਾਨ 'ਸਰਕਾਰੀਆ' ਸੀ
ਸਾੜੇ ਨਫਰਤਾਂ ਦਿਲੋਂ ਭੁਲਾਉਣ ਵਾਲ਼ਾ।
ਹੁਕਮਰਾਨ ਸੀ ਪੰਥ ਦੇ ਬਣੇ ਦੁਸ਼ਮਣ
ਐਪਰ ਉਹ ਸੀ ਮੱਦਦ ਪਹੁੰਚਾਉਣ ਵਾਲ਼ਾ।
'ਮਿੱਠਾ ਮੱਲ' ਸੀ ਰੱਖਿਆ ਨਾਮ ਸਿੰਘਾਂ
ਮੋਹ ਪਿਆਰ ਨੂੰ ਹੋਰ ਵਧਾਉਣ ਵਾਲ਼ਾ।
ਲਾਂਘਾ ਖੁੱਲ੍ਹਿਆ ਸ੍ਰੀ ਕਰਤਾਰ ਪੁਰ ਦਾ
ਗੁਰਪੁਰਬ ਦੀ ਵਧ ਗਈ ਏ ਸ਼ਾਨ ਦੇਖੋ।
ਰੁਤਬਾ ਵਿੱਚ ਇਤਿਹਾਸ ਦੇ ਪਾ ਗਿਆ ਏ
ਗ਼ਨੀ-ਨਬ੍ਰੀ ਖਾਂਹ ਵਾਲ਼ਾ 'ਇਮਰਾਨ' ਦੇਖੋ !



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268



ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿ ਪਠਾਯਾ॥





## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)



**Shri Guru Ravidass Sabha (Bay Area) California (USA)**
**31252 Veasy Street Union City California, 94587**




# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sales: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**





**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

















**ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ. ਐਸ. ਏ) ਦੇ ਮੈਂਬਰ ਅਤੇ ਸੇਵਾਦਾਰ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੌਰਾਨ ਲੰਗਰ ਦੀ ਸੇਵਾ ਕਰਦੇ ਹੋਏ**





ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ

# ਲੱਖ ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ,ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ

**Holidayinn Express, DAYS INN ਅਤੇ MOMI HOSPITALITY INVESTMENT**

ਕੈਲੀਫੋਰਨੀਆ ਦੇ ਮਾਲਕ



# MOMI BROTHERS

# ਸਮੂਹ MOMI ਪਰਿਵਾਰ

ੴ ਸਹਜਿ ਮਿਲੈ ਮਿਲਿਆ ਪਰਵਾਣੁ॥ ਨਾ ਤਿਸੁ ਮਰਣੁ ਨ ਆਵਣੁ ਜਾਣੁ॥ ੴ
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥ ਜਹ ਦੇਖਾ ਤਹ ਅਵਰੁ ਨ ਕੋਇ॥





# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



## ਸ. ਭੁਪਿੰਦਰ ਸਿੰਘ ਪਰਮਾਰ ਅਤੇ ਸਮੂਹ ਪਰਮਾਰ ਪਰਿਵਾਰ







ਮੱਖਣ ਸਿੰਘ ਬੈਂਸ

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ


Toll Free 1-866-FOR-RAJA
www.rajasweets.com
msbains@rajasweets.com

Follow us on:

Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com